8-AUG-PAGE-1.qxd 8/7/2024 10:49 PM Page 1

ਵੀਰਵਾਰ, 8 ਅਗਸਤ, 2024
24 ਸਾਉਣ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 68

ਨਵਾਂ ਜ਼ਮਾਨਾ

DAILY NAWAN ZAMANA • THURSDAY, 8 AUGUST, 2024 ਜਲੰਧਰ

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

You Tube nawan zamana TV

'ਚਿੰਤਾ' ਦਾਅ ਵੱਜਿਆ, ਸਾਰੀਆਂ ਆਸਾਂ ਚਿੱਤ

ਭਾਰ ਘਟਾਉਣ ਦੌਰਾਨ ਤਬੀਅਤ ਖਰਾਬ ਹੋਣ ਕਾਰਨ ਕਲੀਨਿਕ ਵਿਚ ਦਾਖਲ ਵਿਨੇਸ਼ ਫੋਗਾਟ ਨੂੰ ਮਿਲਦੀ ਭਾਰਤੀ ਉਲੰਪਿਕ ਐਸੋਸੀਏਸ਼ਨ ਦੀ ਪ੍ਰਧਾਨ ਪੀ ਟੀ ਊਸ਼ਾ।

ਪੈਰਿਸ : ਭਾਰਤ ਦੀਆਂ ਉਲੰਪਿਕ ਖੁਸ਼ੀਆਂ ਸਦਮੇ ਵਿਚ ਬਦਲ ਗਈਆਂ, ਜਦੋਂ 50 ਕਿੱਲੋ ਭਾਰ ਵਰਗ ਦੇ ਫਾਈਨਲ ਮੁਕਾਬਲੇ ਤੋਂ ਪਹਿਲਾਂ ਭਲਵਾਨ ਵਿਨੇਸ਼ ਫੋਗਾਟ ਨੂੰ ਇਸ ਕਰਕੇ ਅਯੋਗ ਕਰਾਰ ਦੇ ਦਿੱਤਾ ਗਿਆ ਕਿ ਉਸ ਦਾ ਭਾਰ ਬੁੱਧਵਾਰ ਸਵੇਰੇ 50 ਕਿੱਲੋ 100 ਗ੍ਰਾਮ ਨਿਕਲਿਆ। ਮੰਗਲਵਾਰ ਉੱਤੇੜਿਤੀ ਤਿੰਨ ਮੁਕਾਬਲੇ ਜਿੱਤ ਕੇ ਫੋਗਾਟ ਦੇਸ਼ ਦੀ ਪਹਿਲੀ ਭਲਵਾਨ ਬਣੀ ਸੀ, ਜਿਸ ਨੇ ਸੋਨੇ-ਚਾਂਦੀ ਦਾ ਮੁਕਾਬਲਾ ਲੜਨਾ ਸੀ। ਅੱਜ ਤੱਕ ਨਾ ਮਰਦਾਂ ਤੇ ਨਾ ਮਹਿਲਾਵਾਂ 'ਚੋਂ ਕੋਈ ਭਾਰਤੀ ਭਲਵਾਨ ਫਾਈਨਲ 'ਚ ਪੁੱਜਾ ਸੀ। ਅਯੋਗ ਕਰਾਰ ਦਿੱਤੇ ਜਾਣ ਕਾਰਨ ਉਸ ਨੂੰ ਚਾਂਦੀ ਦਾ ਤਮਗਾ ਵੀ ਨਸੀਬ ਨਹੀਂ ਹੋਇਆ ਤੇ ਇਸ ਨਾਲ ਕਰੋੜਾਂ ਦਿਲ ਟੁੱਟ ਗਏ। ਫੋਗਾਟ ਨੇ ਕਦੇ ਸੋਚਿਆ ਵੀ ਨਹੀਂ ਹੋਣਾ ਕਿ ਇਸ ਅਣਕਿਆਸੇ 'ਦਾਅ' ਨੇ ਉਸ ਦੀ ਏਨੇ ਵਰ੍ਹਿਆਂ ਦੀ ਮਿਹਨਤ 'ਤੇ ਪਾਣੀ ਫੇਰ ਦੇਣਾ।

ਸੂਤਰਾਂ ਮੁਤਾਬਕ ਭਾਰ ਵਧਣ ਦਾ ਫੋਗਾਟ ਤੇ ਕੋਚ ਨੂੰ ਮੰਗਲਵਾਰ ਰਾਤ ਪਤਾ ਲੱਗ ਗਿਆ ਸੀ। ਫੋਗਾਟ ਸਾਰੀ ਰਾਤ ਸੁੱਤੀ ਨਹੀਂ ਅਤੇ ਭਾਰ ਘਟਾਉਣ ਲਈ ਕਸਰਤ ਕਰਦੀ ਰਹੀ, ਪਰ ਭਾਰ ਘਟਾਉਣ ਦੀ ਚਿੰਤਾ ਨੇ ਕੰਮ ਖਰਾਬ ਕੀਤਾ। ਚਿੰਤਾ ਕਾਰਨ ਪਸੀਨਾ ਨਹੀਂ ਨਿਕਲਦਾ ਤੇ ਪੂਰਾ ਪਸੀਨਾ ਨਾ ਨਿਕਲਣ ਕਾਰਨ ਭਾਰ ਚੰਗੀ ਤਰ੍ਹਾਂ ਘਟਿਆ ਨਹੀਂ। ਭਾਰ ਘਟਾਉਣ ਲਈ ਉਸ ਨੇ ਵਾਲ ਤੇ ਨਹੁੰ ਤੱਕ ਕਟਵਾਏ। ਕਾਸਟਿਊਮ ਵੀ ਛੋਟਾ ਕਰਵਾਇਆ, ਪਰ ਚਿੰਤਾ ਦਾਅ ਦਾ ਫੋਗਾਟ ਢੁੱਕਵਾਂ ਤੋੜ ਨਹੀਂ ਕੱਢ ਸਕੀ। ਦਰਅਸਲ ਫੋਗਾਟ ਨੇ ਇਕ ਦਿਨ ਵਿਚ ਤਿੰਨ ਮੁਕਾਬਲਿਆਂ ਦਰਮਿਆਨ ਨਿਕਲੀ ਤਾਕਤ ਤੇ ਊਰਜਾ ਦੀ ਭਰਪਾਈ ਲਈ ਜੋ ਖਾਧਾ ਤੇ ਪੀਤਾ, ਉਸ ਨਾਲ ਭਾਰ ਵਧਦਾ ਰਿਹਾ।

ਫੋਗਾਟ ਦਾ ਦੁਖਾਂਤ ਇਹ ਵੀ ਹੈ ਕਿ ਉਹ 53 ਕਿੱਲੋ ਵਿਚ ਲੜਦੀ ਰਹੀ ਹੈ, ਪਰ 53 ਕਿੱਲੋ ਵਿਚ ਕਿਸੇ ਹੋਰ ਕੁੜੀ ਦੇ ਆ ਜਾਣ ਕਾਰਨ ਉਸ ਨੂੰ 50 ਕਿੱਲੋ ਵਿਚ ਲੜਨਾ ਪਿਆ। ਫੋਗਾਟ ਦਾ ਭਾਰ ਉੱਜ 55-56 ਕਿੱਲੋ ਰਹਿੰਦਾ ਹੈ। ਐੱਨ ਆਈ ਐੱਸ ਪਟਿਆਲਾ ਵਿਚ ਟਰੇਨਿੰਗ ਦੌਰਾਨ ਉਸ ਨੇ ਬਹੁਤ ਜ਼ੋਰ ਲਾ ਕੇ ਭਾਰ 50 ਕਿੱਲੋ 'ਤੇ ਲਿਆਂਦਾ ਸੀ। 55-56 ਕਿੱਲੋ ਤੋਂ ਭਾਰ 50 ਕਿੱਲੋ 'ਤੇ ਲਿਆ ਕੇ ਉਸ ਨੂੰ ਮੇਨਟੇਨ ਰੱਖਣਾ ਕੋਈ ਸੌਖਾ ਕੰਮ ਨਹੀਂ ਸੀ।

ਕੇਂਦਰੀ ਖੇਡ ਮੰਤਰੀ ਮਨਸੁਖ ਮਾਂਡਵੀਆ ਨੇ ਲੋਕ ਸਭਾ ਵਿਚ ਬਿਆਨ ਦਿੰਦਿਆਂ ਕਿਹਾ ਕਿ ਭਾਰਤੀ ਉਲੰਪਿਕ ਐਸੋਸੀਏਸ਼ਨ ਨੇ ਫੋਗਾਟ ਨੂੰ ਲੈ ਕੇ ਯੂਨਾਈਟਿਡ ਵਰਲਡ ਰੈਸਲਿੰਗ ਕੋਲ ਤਿੱਖਾ ਵਿਰੋਧ ਦਰਜ ਕਰਵਾਇਆ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤੀ ਉਲੰਪਿਕ ਐਸੋਸੀਏਸ਼ਨ ਦੀ ਮੁਖੀ ਪੀ ਟੀ ਊਸਾ ਨੂੰ ਇਸ ਮਾਮਲੇ 'ਚ ਉਚਿਤ ਕਾਰਵਾਈ ਕਰਨ ਲਈ ਕਿਹਾ ਹੈ। ਮਾਂਡਵੀਆ ਨੇ ਕਿਹਾ ਕਿ ਸਰਕਾਰ ਨੇ ਫੋਗਾਟ ਨੂੰ ਉਸ ਦੀ ਜ਼ਰੂਰਤ ਦੇ ਅਨੁਸਾਰ ਹਰ ਸੰਭਵ ਸਹਾਇਤਾ ਪ੍ਰਦਾਨ ਕੀਤੀ ਸੀ, ਜਿਸ 'ਚ ਨਿੱਜੀ ਸਟਾਫ ਵੀ ਸ਼ਾਮਲ ਸੀ। ਆਪੋਜ਼ੀਸ਼ਨ ਮੈਂਬਰਾਂ ਨੇ ਮੰਤਰੀ ਤੋਂ ਸਪੱਸ਼ਟੀਕਰਨ ਮੰਗਣੇ ਚਾਹੇ ਤਾਂ ਉਨ੍ਹਾ ਨਹੀਂ ਦਿੱਤੇ। ਇਸ ਤੋਂ ਨਾਰਾਜ਼ ਹੁੰਦਿਆਂ ਉਹ ਵਾਕਆਊਟ ਕਰ ਗਏ। ਕਾਂਗਰਸ ਦੀ ਕੁਮਾਰੀ ਸ਼ੈਲਜਾ ਨੇ ਸਵਾਲ ਉਠਾਇਆ ਕਿ ਖਿਡਾਰੀਆਂ ਨਾਲ ਏਨਾ ਸਟਾਫ ਹੁੰਦਾ ਹੈ, ਉਹ ਖੁਰਾਕ ਦਾ ਪੂਰਾ ਖਿਆਲ ਰੱਖਦਾ ਹੈ। ਦੱਸਿਆ ਜਾਵੇ ਕਿ ਕਿਸ ਨੇ ਫੋਗਾਟ ਦਾ ਖਿਆਲ ਨਹੀਂ ਰੱਖਿਆ। ਕਾਂਗਰਸ ਦੇ ਇਕ ਹੋਰ ਆਗੂ ਰਣਦੀਪ ਸੂਰਜੇਵਾਲਾ ਨੇ ਕਿਹਾ ਕਿ ਇਹ ਨਹੀਂ ਭੁੱਲਣਾ ਚਾਹੀਦਾ ਕਿ ਫੋਗਾਟ ਨੇ ਮਹਿਲਾ ਭਲਵਾਨਾਂ ਦੇ ਸ਼ੋਸ਼ਣ ਖਿਲਾਫ 2023 ਵਿਚ 140 ਦਿਨ ਅੰਦੋਲਨ ਕੀਤਾ ਸੀ। ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਨਵੇਂ ਸੰਸਦ ਭਵਨ ਦੇ ਉਦਘਾਟਨ ਵੇਲੇ ਧਰਨਾ ਦੇਣ ਵਾਲੀ ਫੋਗਾਟ ਨੂੰ ਭਾਜਪਾ ਸਰਕਾਰ ਦੇ ਕਹਿਣ 'ਤੇ ਦਿੱਲੀ ਪੁਲਸ ਧੂਹ ਕੇ ਲੈ ਗਈ ਸੀ।

ਭਾਰਤੀ ਕੁਸ਼ਤੀ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਤੇ ਸਾਬਕਾ ਭਾਜਪਾ ਸਾਂਸਦ ਬ੍ਰਿਜ ਭੂਸ਼ਣ ਸ਼ਰਣ ਸਿੰਘ ਵੱਲੋਂ ਕਥਿਤ ਤੌਰ 'ਤੇ ਮਹਿਲਾ ਭਲਵਾਨਾਂ ਦੇ ਜਿਨਸੀ ਸ਼ੋਸ਼ਣ ਖਿਲਾਫ ਅੰਦੋਲਨ ਵਿਚ ਫੋਗਾਟ ਪੇਸ਼-ਪੇਸ਼ ਰਹੀ ਸੀ। ਇਸ ਪਿਛੋਕੜ ਵਿਚ ਇਹ ਦੋਸ਼ ਵੀ ਲਾਏ ਜਾ ਰਹੇ ਹਨ ਕਿ ਸਰਕਾਰ ਉਸ ਤੋਂ ਖੁਸ਼ ਨਹੀਂ ਸੀ ਤੇ ਉਹ ਆਖਰ ਪੈਰਿਸ ਵਿਚ ਸਾਜ਼ਿਸ਼ ਦਾ ਸ਼ਿਕਾਰ ਹੋ ਗਈ।

ਸੁਖਬੀਰ ਤਿਆਗ ਕਰਨ : ਵਡਾਲਾ

ਅੰਮ੍ਰਿਤਸਰ : ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੀ ਪ੍ਰੀਜ਼ੀਡੀਅਮ ਦੇ ਮੈਂਬਰਾਂ ਨੇ ਬੁੱਧਵਾਰ ਸ੍ਰੀ ਹਰਿਮੰਦਰ ਸਾਹਿਬ ਮੱਥਾ ਟੇਕਿਆ ਅਤੇ ਜਥੇਬੰਦੀ ਦੀ ਸੁਰਜੀਤੀ ਦੀ ਅਰਦਾਸ ਕੀਤੀ। ਪ੍ਰੀਜ਼ੀਡੀਅਮ ਦੇ ਕਨਵੀਨਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਇਕ ਵਾਰ ਮੁੜ ਸੁਖਬੀਰ ਸਿੰਘ ਬਾਦਲ ਨੂੰ ਕਿਹਾ ਕਿ ਉਹ ਪਾਰਟੀ ਅਤੇ ਪੰਥ ਦੇ ਵਡੇਰੇ ਹਿੱਤਾਂ ਨੂੰ ਧਿਆਨ 'ਚ ਰੱਖਦਿਆਂ ਤਿਆਗ ਦੀ ਭਾਵਨਾ ਦਿਖਾਉਣ।

ਭੂੰਦੜ ਨੂੰ ਪਾਰਲੀਮੈਂਟਰੀ ਬੋਰਡ ਦਾ ਚੇਅਰਮੈਨ ਬਣਾਇਆ

ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਦੇ ਪਾਰਲੀਮੈਂਟਰੀ ਬੋਰਡ ਦਾ ਗਠਨ ਕਰ ਦਿੱਤਾ ਹੈ। ਬੋਰਡ ਦਾ ਚੇਅਰਮੈਨ ਪਾਰਟੀ ਦੇ ਸਕੱਤਰ ਜਨਰਲ ਬਲਵਿੰਦਰ ਸਿੰਘ ਭੂੰਦੜ ਨੂੰ ਬਣਾਇਆ ਗਿਆ ਹੈ, ਜਦਕਿ ਸਾਬਕਾ ਮੰਤਰੀ ਜਨਮੇਜਾ ਸਿੰਘ ਸੇਖੋਂ, ਗੁਲਜ਼ਾਰ ਸਿੰਘ ਰਣੀਕੇ, ਮਹੇਸ਼ਇੰਦਰ ਸਿੰਘ ਗਰੇਵਾਲ, ਹੀਰਾ ਸਿੰਘ ਗਾਬੜੀਆ ਤੇ ਡਾ. ਦਲਜੀਤ ਚੀਮਾ ਨੂੰ ਮੈਂਬਰ ਬਣਾਇਆ ਗਿਆ ਹੈ।

ਰਾਜ ਸਭਾ ਲਈ ਚੋਣਾਂ 3 ਨੂੰ

ਨਵੀਂ ਦਿੱਲੀ : ਚੋਣ ਕਮਿਸ਼ਨ ਨੇ ਬੁੱਧਵਾਰ ਐਲਾਨਿਆ ਕਿ ਨੌਂ ਰਾਜਾਂ 'ਚ ਰਾਜ ਸਭਾ ਦੀਆਂ 12 ਖਾਲੀ ਸੀਟਾਂ ਲਈ ਚੋਣਾਂ 3 ਸਤੰਬਰ ਨੂੰ ਹੋਣਗੀਆਂ। ਕੇਂਦਰੀ ਮੰਤਰੀ ਪੀਯੂਸ਼ ਗੋਇਲ, ਸਰਬਾਨੰਦ ਸੋਨੋਵਾਲ ਅਤੇ ਜੋਤਿਰਾਦਿਤਿਆ ਸਿੰਧੀਆ ਸਮੇਤ ਮੌਜੂਦਾ ਮੈਂਬਰ ਲੋਕ ਸਭਾ ਲਈ ਚੁਣੇ ਜਾਣ ਕਾਰਨ ਸੀਟਾਂ ਖਾਲੀ ਹੋਈਆਂ ਹਨ। ਨਤੀਜੇ ਉਸੇ ਦਿਨ ਐਲਾਨੇ ਜਾਣਗੇ।

ਹਰਿਆਣਾ 'ਚ ਸਿਲੰਡਰ 500 ਦਾ

ਚੰਡੀਗੜ੍ਹ (ਕ੍ਰਿਸ਼ਨ ਗਰਗ)-ਜਿਲ੍ਹਾ ਜੀਂਦ ਵਿਚ ਸੂਬਾ ਪੱਧਰੀ ਸਮਾਰੋਹ ਵਿਚ ਮੁੱਖ ਮੰਤਰੀ ਨਾਇਬ ਸਿੰਘ ਸੈਨੀ ਨੇ ਉਜਵਲਾ ਯੋਜਨਾ ਤਹਿਤ ਲਾਭਕਾਰੀ ਪਰਵਾਰਾਂ ਨੂੰ 500 ਰੁਪਏ ਵਿਚ ਗੈਸ ਸਿਲੰਡਰ ਦੇਣ ਦਾ ਐਲਾਨ ਕੀਤਾ। ਇਸ ਨਾਲ ਸੂਬੇ ਦੇ 1.80 ਲੱਖ ਰੁਪਏ ਤੋਂ ਘੱਟ ਆਮਦਨ ਵਾਲੇ ਲਗਭਗ 46 ਲੱਖ ਪਰਵਾਰਾਂ ਨੂੰ ਲਾਭ ਮਿਲੇਗਾ।ਮੁੱਖ ਮੰਤਰੀ ਨੇ ਸਮਾਰੋਹ ਵਿਚ ਸਵੈ-ਸਹਾਇਤਾ ਸਮੂਹਾਂ ਦੀਆਂ ਭੈਣਾਂ ਨੂੰ ਮਜ਼ਬੂਤ ਕਰਨ ਦੀ ਦਿਸ਼ਾ ਵਿਚ 100 ਕਰੋੜ ਰੁਪਏ ਦੇ ਵਿਆਜ ਰਹਿਤ ਕਰਜ਼ੇ ਵੀ ਪ੍ਰਦਾਨ ਕੀਤੇ।

ਸ਼ਾਨਦਾਰ ਸਵਾਗਤ

ਨਵੀਂ ਦਿੱਲੀ : ਸਟਾਰ ਪਿਸਟਲ ਨਿਸ਼ਾਨੇਬਾਜ਼ ਮਨੂੰ ਭਾਕਰ ਬੁੱਧਵਾਰ ਸਵੇਰੇ ਦੇਸ਼ ਪਰਤ ਆਈ। ਪ੍ਰਸ਼ੰਸਕਾਂ ਨੇ ਉਸ ਨੂੰ ਮੋਢਿਆਂ 'ਤੇ ਚੁੱਕ ਕੇ, ਹਾਰ ਪਾ ਕੇ ਅਤੇ ਫੁੱਲਾਂ ਦੀ ਵਰਖਾ ਕਰਕੇ ਸਵਾਗਤ ਕੀਤਾ।

ਏਅਰ ਇੰਡੀਆ ਦੀ ਉਡਾਣ, ਜੋ ਭਾਕਰ ਨੂੰ ਪੈਰਿਸ ਤੋਂ ਦਿੱਲੀ ਲੈ ਕੇ ਆਈ ਸੀ, ਸਵੇਰੇ 9:20 ਵਜੇ ਇੰਦਰਾ ਗਾਂਧੀ ਹਵਾਈ ਅੱਡੇ 'ਤੇ ਇਕ ਘੰਟਾ ਦੇਰੀ ਨਾਲ ਉਤਰੀ। ਸ਼ਹਿਰ 'ਚ ਸਵੇਰ ਸਮੇਂ ਬੂੰਦਾ-ਬਾਂਦੀ ਹੋਣ ਦੇ ਬਾਵਜੂਦ ਉਸ ਦੇ ਪਹੁੰਚਣ ਤੋਂ ਪਹਿਲਾਂ ਹੀ ਹਵਾਈ ਅੱਡੇ 'ਤੇ ਬੈਠੇ ਸੈਂਕੜੇ ਲੋਕਾਂ ਨੇ ਉਸ ਦਾ ਅਤੇ ਉਸ ਦੇ ਕੋਚ ਜਸਪਾਲ ਰਾਣਾ ਦਾ ਸ਼ਾਨਦਾਰ ਸਵਾਗਤ ਕੀਤਾ। 22 ਸਾਲਾ ਭਾਕਰ ਨੇ 10 ਮੀਟਰ ਏਅਰ ਪਿਸਟਲ ਅਤੇ 10 ਮੀਟਰ ਏਅਰ ਪਿਸਟਲ ਮਿਕਸਡ ਟੀਮ ਈਵੈਂਟ 'ਚ ਇੱਕ-ਇੱਕ ਕਾਂਸੀ ਦਾ ਤਮਗਾ ਜਿੱਤਿਆ।

ਮਿਕਸਡ ਟੀਮ ਇਵੈਂਟ 'ਚ ਉਸ ਨੇ ਸਰਬਜੋਤ ਸਿੰਘ ਨਾਲ ਮਿਲ ਕੇ ਦੇਸ਼ ਲਈ ਉਲੰਪਿਕ ਇਤਿਹਾਸ ਰਚਿਆ। ਹਵਾਈ ਅੱਡੇ ਦੇ ਬਾਹਰ ਭੀੜ ਨੂੰ ਕਾਬੂ 'ਚ ਰੱਖਣ ਲਈ ਵੱਡੀ ਗਿਣਤੀ 'ਚ ਪੁਲਸ ਤਾਇਨਾਤ ਸੀ। ਪੁਲਸ ਦੀ ਮੁਸਤੈਦੀ ਦੇ ਬਾਵਜੂਦ ਲੋਕਾਂ ਦਾ ਜੋਸ਼ ਇੰਨਾ ਜ਼ਿਆਦਾ ਸੀ ਕਿ ਹਵਾਈ ਅੱਡੇ ਤੋਂ ਬਾਹਰ ਨਿਕਲਦੇ ਹੀ ਭਾਕਰ ਅਤੇ ਰਾਣਾ ਨੂੰ ਆਖਰਕਾਰ ਇਕੱਠ ਨੇ ਮੋਢਿਆਂ 'ਤੇ ਚੁੱਕ ਲਿਆ।

ਕੈਨੇਡਾ ਆਰਜ਼ੀ ਕਾਮਿਆਂ 'ਤੇ ਸਖਤ

ਵੈਨਕੂਵਰ : ਕੈਨੇਡਾ ਸਰਕਾਰ ਨੇ ਆਰਜ਼ੀ ਵਿਦੇਸ਼ੀ ਕਾਮਿਆਂ ਦੀ ਲੋੜ ਦੇ ਬਹਾਨੇ ਟਰਾਂਸਪੋਰਟਰਾਂ, ਖਾਣ-ਪੀਣ ਚੇਨਾਂ, ਸਿਹਤ ਸੇਵਾਵਾਂ ਸੰਗਠਨ (ਨੈਨੀ) ਅਤੇ ਹੋਰ ਖੇਤਰਾਂ 'ਚ ਬਣੇ ਹੋਏ ਲੁੱਟ ਦੇ ਰਾਹ ਪੱਕੇ ਤੌਰ 'ਤੇ ਬੰਦ ਕਰਨ ਦਾ ਫੈਸਲਾ ਲਿਆ ਹੈ। ਕੈਨੇਡਾ ਦੇ ਰੁਜ਼ਗਾਰ ਮੰਤਰੀ ਰੈਂਡੀ ਬੋਇਸਨੌਇਲ ਨੇ ਹੁਨਰਮੰਦ ਕਾਮਿਆਂ ਦੀ ਆੜ ਹੇਠ ਵਿਦੇਸ਼ੀ ਲੋਕਾਂ ਨੂੰ ਸੱਦਣ ਅਤੇ ਕੁਝ ਕਾਰੋਬਾਰੀਆਂ ਲਈ ਗੈਰਕਾਨੂੰਨੀ ਕਮਾਈ ਦਾ ਸਾਧਨ ਬਣੇ ਹੋਏ ਐੱਲ ਐੱਮ ਆਈ ਏ (ਲੇਬਰ ਮਾਰਕੀਟ ਇੰਪੈਕਟ ਅਸੈੱਸਮੈਂਟ) ਪ੍ਰੋਗਰਾਮ ਨੂੰ ਸੀਮਤ ਕਰਨ ਦੀ ਜਾਣਕਾਰੀ ਦਿੱਤੀ ਹੈ। ਕੈਨੇਡੀਅਨ ਲੋਕਾਂ ਨੇ ਇਸ ਨੂੰ ਦੇਰ ਨਾਲ ਲਿਆ ਗਿਆ ਸਹੀ ਫੈਸਲਾ ਦੱਸਿਆ ਹੈ। ਰੁਜ਼ਗਾਰ ਅਤੇ ਸਮਾਜਕ ਵਿਕਾਸ ਵਿਭਾਗ ਵੱਲੋਂ ਜਾਰੀ ਪੱਤਰ 'ਚ ਕਿਹਾ ਗਿਆ ਹੈ ਕਿ ਹੁਣ ਇਸ ਪ੍ਰੋਗਰਾਮ ਅਧੀਨ ਆਈਆਂ ਦਰਖਾਸਤਾਂ ਨੂੰ ਪਹਿਲੀ ਵਾਰ 'ਚ ਰੱਦ ਕੀਤੇ ਜਾਣ ਦੀ ਨੀਤੀ ਲਾਗੂ ਹੋਵੇਗੀ। ਮੰਤਰੀ ਨੇ ਕਿਹਾ ਕਿ ਇਸ ਪ੍ਰੋਗਰਾਮ ਰਾਹੀਂ ਕਾਮਿਆਂ ਨੂੰ ਘੱਟ ਤਨਖਾਹ ਸਮੇਤ ਹੋਰ ਸ਼ੋਸ਼ਣ ਵੀ ਹੁੰਦੇ ਰਹੇ ਹਨ। ਸਾਲ 2018 'ਚ ਇਸ ਪ੍ਰੋਗਰਾਮ ਅਧੀਨ 1,08,988 ਵਿਦੇਸ਼ੀ ਲੋਕਾਂ ਨੂੰ ਸੱਦਿਆ ਗਿਆ ਸੀ, ਜਦਕਿ 2023 'ਚ ਇਹ ਗਿਣਤੀ ਦੁੱਗਣੀ ਤੋਂ ਵੀ ਵਧ ਕੇ 2,39,646 ਹੋ ਗਈ ਸੀ।

ਅਵਾਮੀ ਲੀਗ ਦੇ 20 ਆਗੂ ਮਾਰੇ

ਢਾਕਾ : ਬੰਗਲਾਦੇਸ਼ 'ਚ ਅਵਾਮੀ ਲੀਗ ਦੇ 20 ਆਗੂਆਂ ਸਮੇਤ 29 ਲੋਕਾਂ ਦੀਆਂ ਲਾਸ਼ਾਂ ਮਿਲੀਆਂ ਹਨ। ਇਹ ਮੌਤਾਂ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੇ ਅਸਤੀਫੇ ਅਤੇ ਸੋਮਵਾਰ ਨੂੰ ਦੇਸ਼ ਛੱਡਣ ਤੋਂ ਬਾਅਦ ਹੋਈਆਂ ਹਨ। ਸਤਖੀਰਾ 'ਚ 10 ਲੋਕ ਮਾਰੇ ਗਏ ਅਤੇ ਕੋਮਿਲਾ 'ਚ ਭੀੜ ਦੇ ਹਮਲਿਆਂ 'ਚ 11 ਹੋਰ ਲੋਕਾਂ ਦੀ ਮੌਤ ਹੋਈ ਹੈ। ਅਵਾਮੀ ਲੀਗ ਦੇ ਨੇਤਾਵਾਂ ਅਤੇ ਕਾਰਕੁੰਨਾਂ ਦੇ ਘਰਾਂ ਅਤੇ ਕਾਰੋਬਾਰੀ ਅਦਾਰਿਆਂ ਦੀ ਵਿਆਪਕ ਭੰਨ-ਤੋੜ ਅਤੇ ਲੁੱਟ-ਖਸੁੱਟ ਹੋਈ ਹੈ।

ਨੇਪਾਲ 'ਚ ਹੈਲੀਕਾਪਟਰ ਹਾਦਸਾ

ਕਠਮੰਡੂ : ਹੈਲੀਕਾਪਟਰ ਬੁੱਧਵਾਰ ਨੇਪਾਲ ਦੀ ਰਾਜਧਾਨੀ ਕਠਮੰਡੂ ਦੇ ਬਾਹਰ ਜੰਗਲ 'ਚ ਡਿੱਗਣ ਨਾਲ ਪਾਇਲਟ ਤੇ ਚਾਰ ਯਾਤਰੀਆਂ ਦੀ ਮੌਤ ਹੋ ਗਈ।

ਵਾਇਨਾਡ ਤ੍ਰਾਸਦੀ ਨੂੰ ਕੌਮੀ ਆਫਤ ਐਲਾਨਿਆ ਜਾਵੇ : ਰਾਹੁਲ

ਨਵੀਂ ਦਿੱਲੀ : ਰਾਹੁਲ ਗਾਂਧੀ ਨੇ ਬੁੱਧਵਾਰ ਲੋਕ ਸਭਾ 'ਚ ਮੰਗ ਕੀਤੀ ਕਿ ਵਾਇਨਾਡ 'ਚ ਜ਼ਮੀਨ ਖਿਸਕਣ ਨੂੰ 'ਕੌਮੀ ਆਫਤ' ਐਲਾਨਿਆ ਜਾਵੇ। ਉਨ੍ਹਾ ਤਬਾਹੀ ਤੋਂ ਬਾਅਦ ਬੁਨਿਆਦੀ ਢਾਂਚਾ ਬਣਾਉਣ ਲਈ ਵਿਸ਼ੇਸ਼ ਪੈਕੇਜ ਐਲਾਨੇ ਜਾਣ ਦੀ ਮੰਗ ਕੀਤੀ। ਉਨ੍ਹਾ ਕਿਹਾ-ਮੈਂ ਉਥੇ ਜਾ ਕੇ ਤਬਾਹੀ, ਦਰਦ ਅਤੇ ਦੁੱਖ ਦੇਖਿਆ ਹੈ।

ਹਾਦਸੇ 'ਚ 5 ਜੀਆਂ ਦੀ ਮੌਤ

ਜੈਪੁਰ : ਰਾਜਸਥਾਨ ਦੇ ਚਿਤੌੜਗੜ੍ਹ ਜ਼ਿਲ੍ਹੇ 'ਚ ਚਿਤੌੜਗੜ੍ਹ-ਨੀਮਹੇੜਾ ਹਾਈਵੇਅ 'ਤੇ ਮੰਗਲਵਾਰ ਰਾਤ ਟਰੱਕ ਦੀ ਮੋਟਰਸਾਈਕਲ ਨਾਲ ਟੱਕਰ ਕਾਰਨ ਪਰਵਾਰ ਦੇ ਪੰਜ ਮੈਂਬਰਾਂ ਦੀ ਮੌਤ ਹੋ ਗਈ ਅਤੇ ਇੱਕ ਨਾਬਾਲਗ ਕੁੜੀ ਜ਼ਖਮੀ ਹੋ ਗਈ। ਮ੍ਰਿਤਕਾਂ ਵਿੱਚੋਂ ਦੋ ਮਜ਼ਦੂਰ ਸਨ ਤੇ ਫੈਕਟਰੀ ਤੋਂ ਵਾਪਸ ਆ ਰਹੇ ਸਨ।

ਨਨਕਾਣਾ ਸਾਹਿਬ ਲਈ ਲਾਂਘਾ ਬਣਾਉਣ ਦੀ ਮੰਗ

ਨਵੀਂ ਦਿੱਲੀ : ਆਪ ਦੇ ਰਾਜ ਸਭਾ ਮੈਂਬਰ ਰਾਘਵ ਚੱਢਾ ਨੇ ਸ੍ਰੀ ਨਨਕਾਣਾ ਸਾਹਿਬ ਲਈ ਲਾਂਘੇ ਦੀ ਸਥਾਪਨਾ ਦੀ ਮੰਗ ਕੀਤੀ ਹੈ, ਤਾਂ ਜੋ ਸਿੱਖ ਸ਼ਰਧਾਲੂਆਂ ਨੂੰ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਜਨਮ ਅਸਥਾਨ ਦੇ ਦਰਸ਼ਨਾਂ ਦੀ ਸਹੂਲਤ ਦਿੱਤੀ ਜਾ ਸਕੇ। ਰਾਜ ਸਭਾ 'ਚ ਇਹ ਮੁੱਦਾ ਉਠਾਉਂਦਿਆਂ ਚੱਢਾ ਨੇ ਸਰਕਾਰ ਨੂੰ ਕੂਟਨੀਤਕ ਰਾਹ ਅਪਣਾਉਣ ਅਤੇ ਕਰੋੜਾਂ ਪੰਜਾਬੀਆਂ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪੈਰੋਕਾਰਾਂ ਦੇ ਸੁਪਨੇ ਨੂੰ ਸਾਕਾਰ ਕਰਨ ਦੀ ਅਪੀਲ ਕੀਤੀ।

ਮਾਨ ਫੋਗਾਟ ਦੇ ਪਰਵਾਰ ਨੂੰ ਮਿਲੇ, ਕੇਂਦਰ ਦੀ ਅਲੋਚਨਾ

ਚੰਡੀਗੜ੍ਹ (ਕ੍ਰਿਸ਼ਨ ਗਰਗ)

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੈਰਿਸ ਉਲੰਪਿਕ ਵਿਖੇ ਹਿੱਸਾ ਲੈਣ ਵਾਲੇ ਖਿਡਾ

ਟਰੱਸਟ ਵੱਲੋਂ ਮਾਤਾ ਚਿੰਤਪੁਰਨੀ ਲਈ ਰਾਸ਼ਨ ਰਵਾਨਾ

ਬਾਘਾ ਪੁਰਾਣਾ (ਮਨੀ ਸਿੰਗਲਾ)-ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਜੈ ਮਾਤਾ ਚਿੰਤਪੁਰਨੀ ਲੰਗਰ ਟਰੱਸਟ ਬਾਘਾ ਪੁਰਾਣਾ ਵੱਲੋਂ 47ਵਾਂ ਵਿਸ਼ਾਲ ਲੰਗਰ ਦੇਸੀ ਘਿਉ ਦਾ ਚਿੰਤਪੁਰਨੀ ਵਿਖੇ ਲਗਾਇਆ ਜਾ ਰਿਹਾ ਹੈ, ਜੋ ਕਿ ਅੱਜ ਬਾਘਾ ਪੁਰਾਣਾ ਨਿਹਾਲ ਸਿੰਘ ਵਾਲਾ ਰੋਡ ਤੋਂ ਰਾਸ਼ਨ ਦੇ ਟਰੱਕਾਂ ਨੂੰ ਚਿੰਤਪੁਰਨੀ ਲਈ ਰਵਾਨਾ ਕੀਤਾ ਗਿਆ।ਇਸ ਮੌਕੇ ਹਰੀ ਝੰਡੀ ਦੇਣ ਦੀ ਰਸਮ ਰਮਨ ਗੁਪਤਾ, ਪਵਨ ਗੁਪਤਾ ਪਰਿਵਾਰ ਵੱਲੋਂ ਕੀਤੀ ਗਈ ਤੇ ਜੈ ਮਾਤਾ ਚਿੰਤਪੂਰਨੀ ਲੰਗਰ ਟਰੱਸਟ ਦੇ ਮੈਂਬਰਾਂ ਵੱਲੋਂ ਗੁਪਤਾ ਪਰਿਵਾਰ ਨੂੰ ਸਨਮਾਨਤ ਵੀ ਕੀਤਾ ਗਿਆ ਅਤੇ ਧੰਨਵਾਦ ਕੀਤਾ।ਇਸ ਮੌਕੇ ਵੱਡੀ ਗਿਣਤੀ ਵਿੱਚ ਵੱਖ-ਵੱਖ ਧਾਰਮਿਕ ਸੰਸਥਾਵਾਂ ਵੀ ਹਾਜ਼ਰ ਸਨ।ਇਸ ਮੌਕੇ ਅਸ਼ੋਕ ਕੁਮਾਰ ਗਰਗ, ਸੰਜੀਵ ਕੁਮਾਰ ਪਿੰਕਾ, ਅਜੇ ਮਿੱਤਲ, ਦੀਪਕ ਜਿੰਦਲ, ਮੁਨੀਸ਼ ਗੋਇਲ, ਪ੍ਰਦੀਪ ਅਰੋੜਾ, ਰਾਮਾ ਗਰਗ, ਵਿਕਾਸ ਕਟਾਰੀਆ, ਕੁਮਾਰ ਗਰਗ, ਦੀਪਕ ਬਾਂਸਲ ਨੇ ਕਿਹਾ ਕਿ ਮਾਤਾ ਚਿੰਤਪੁਰਨੀ ਵਿਖੇ 13 ਅਗਸਤ ਤੱਕ ਲੰਗਰ ਚੱਲੇਗਾ।ਇਸ ਮੌਕੇ ਵਿਮਲ ਗਰਗ ਅਗਰਵਾਲ ਮਾਰਬਲ, ਅਮਿਤ ਗੋਇਲ ਪੰਪ ਵਾਲੇ, ਯੋਗੇਸ਼ ਬਾਂਸਲ, ਰਾਮ ਗੁਪਤਾ, ਸਾਹਿਲ ਗੋਇਲ ਆੜ੍ਹਤੀ, ਯੂਥ ਅਗਰਵਾਲ ਸਭਾ ਦੇ ਪ੍ਰਧਾਨ ਪਵਨ ਗੋਇਲ, ਸ੍ਰੀ ਸਾਲਾਸਰ ਬਾਲਾ ਜੀ ਸੇਵਾ ਮੰਡਲ ਦੇ ਪ੍ਰਧਾਨ ਵਿਜੇ ਗੁਪਤਾ, ਸ੍ਰੀ ਗਣਪਤੀ ਸੇਵਾ ਮੰਡਲ ਦੇ ਪ੍ਰਧਾਨ ਸੁਖਜੀਵਨ ਭਗਤੂ, ਸੁਰੇਸ਼ ਸ਼ਿੰਕਾ, ਪਿਆਰੇ ਲਾਲ ਗੋਇਲ, ਸ੍ਰੀ ਦੁਰਗਾ ਮੰਦਰ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕੇਵਲ ਕ੍ਰਿਸ਼ਨ ਬਾਂਸਲ, ਪ੍ਰਾਚੀਨ ਸ੍ਰੀ ਸ਼ਿਵ ਸ਼ਨੀ ਮੰਦਿਰ ਕਮੇਟੀ ਦੇ ਪ੍ਰਧਾਨ ਰਾਜ ਕੁਮਾਰ ਤੇ ਹੋਰ ਹਾਜ਼ਰ ਸਨ।

ਪੰਜਾਬੀ ਯੂਨੀਵਰਸਿਟੀ ਦੇ ਅੰਗਰੇਜ਼ੀ ਵਿਭਾਗ ਵੱਲੋਂ ਵਿਸ਼ੇਸ਼ ਭਾਸ਼ਣ

ਪਟਿਆਲਾ (ਰਜਿੰਦਰ ਸਿੰਘ ਬਿੰਦ)-ਪੰਜਾਬੀ ਯੂਨੀਵਰਸਿਟੀ ਦੇ ਅੰਗਰੇਜ਼ੀ ਵਿਭਾਗ ਵੱਲੋਂ ਇੱਥੇ ਸਥਾਪਤ 'ਇੰਗਲਿਸ਼ ਲਿਟਰੇਰੀ ਸੋਸਾਇਟੀ' ਦੀ ਅਗਵਾਈ ਹੇਠ 'ਟੂਵਾਰਡਜ਼ ਐਨ ਅੰਡਰਸਟੈਂਡਿੰਗ ਆਫ਼ ਦਲਿਤ ਐਸਥੈਟਿਕਸ : ਟੈਕਸਟਸ ਐਂਡ ਕੰਟੈਕਸਟਸ' ਵਿਸ਼ੇ 'ਤੇ ਵਿਸ਼ੇਸ਼ ਭਾਸ਼ਣ ਕਰਵਾਇਆ ਗਿਆ।ਇਹ ਭਾਸ਼ਣ ਦਿੱਲੀ ਯੂਨੀਵਰਸਿਟੀ ਦੇ ਅੰਗਰੇਜ਼ੀ ਵਿਭਾਗ ਤੋਂ ਪੁੱਜੇ ਡਾ. ਰਾਜ ਕੁਮਾਰ ਨੇ ਦਿੱਤਾ।ਵਿਭਾਗ ਮੁਖੀ ਡਾ. ਜਯੋਤੀ ਪੁਰੀ ਨੇ ਸਵਾਗਤੀ ਸ਼ਬਦਾਂ ਦੌਰਾਨ ਦੱਸਿਆ ਕਿ ਪ੍ਰੋਫੈਸਰ ਰਾਜ ਕੁਮਾਰ ਪਿਛਲੇ ਲੰਬੇ ਸਮੇਂ ਤੋਂ ਦਲਿਤ ਸਾਹਿਤ, ਅੰਗਰੇਜ਼ੀ ਵਿੱਚ ਭਾਰਤੀ ਲੇਖਣ, ਉੜੀਆ ਸਾਹਿਤ ਅਤੇ ਉੱਤਰ-ਬਸਤੀਵਾਦੀ ਅਧਿਐਨਾਂ 'ਤੇ ਕੇਂਦਰਿਤ ਆਪਣਾ ਅਕਾਦਮਿਕ ਕਾਰਜ ਕਰ ਰਹੇ ਹਨ।ਡਾ. ਰਾਜ ਕੁਮਾਰ ਨੇ ਭਾਸ਼ਣ ਰਾਹੀਂ ਦਲਿਤ ਸੁਹਜ ਸ਼ਾਸਤਰ ਦੇ ਇਤਿਹਾਸ ਨੂੰ ਦਰਸਾਉਂਦਿਆਂ ਦੱਸਿਆ ਕਿ ਕਿਵੇਂ ਯੁੱਗਾਂ ਤੋਂ ਪ੍ਰਚਲਿਤ ਜਾਤੀ ਕਾਨੂੰਨ ਤੇ ਰੀਤੀ-ਰਿਵਾਜ ਦਲਿਤਾਂ, ਖਾਸ ਕਰਕੇ ਔਰਤਾਂ ਨੂੰ ਸਿੱਖਿਆ ਤੋਂ ਵਾਂਝਾ ਰੱਖਦੇ ਰਹੇ ਹਨ।ਉਨ੍ਹਾਂ ਜੋਤੀਬਾ ਫੂਲੇ ਤੇ ਡਾ. ਭੀਮ ਰਾਓ ਅੰਬੇਡਕਰ ਵਰਗੇ ਜਾਤ-ਪਾਤ ਵਿਰੋਧੀ ਬੁੱਧੀਜੀਵੀਆਂ ਦੇ ਅਥਾਹ ਯੋਗਦਾਨ ਬਾਰੇ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ।ਉਨ੍ਹਾ ਕਵਿਤਾ, ਗਲਪ, ਸਵੈ-ਜੀਵਨੀ ਤੇ ਆਲੋਚਨਾ ਸਮੇਤ ਵੱਖ-ਵੱਖ ਸਾਹਿਤਕ ਰੂਪਾਂ ਵਿਚਲੇ ਦਲਿਤ ਸੁਹਜ ਸ਼ਾਸਤਰ 'ਤੇ ਵੀ ਵਿਚਾਰ ਕੀਤਾ।ਭਾਸ਼ਣ ਉਪਰੰਤ ਦਰਸ਼ਕਾਂ ਵੱਲੋਂ ਸਵਾਲ ਪੁੱਛ ਕੇ ਸੰਵਾਦ ਰਚਾਇਆ ਗਿਆ। ਅੰਗਰੇਜ਼ੀ ਦੇ ਸਾਬਕਾ ਪ੍ਰੋਫ਼ੈਸਰ ਤੇ ਭਾਸ਼ਾਵਾਂ ਦੇ ਸਾਬਕਾ ਡੀਨ ਡਾ. ਰਾਜੇਸ਼ ਕੁਮਾਰ ਸ਼ਰਮਾ ਨੇ ਇਸ ਮੌਕੇ ਆਪਣੇ ਵਿਚਾਰਾਂ ਨਾਲ਼ ਪ੍ਰਸ਼ਨ-ਉੱਤਰ ਸੈਸ਼ਨ ਦੀ ਸ਼ੁਰੂਆਤ ਕੀਤੀ।ਸਮੁੱਚੇ ਪ੍ਰੋਗਰਾਮ ਦਾ ਸੰਚਾਲਨ ਪ੍ਰੋਗਰਾਮ ਦੀ ਕੋਆਰਡੀਨੇਟਰ ਡਾ. ਮੋਨਿਕਾ ਸੱਭਰਵਾਲ ਨੇ ਕੀਤਾ।

ਸਰਹਿੰਦ 'ਚ ਉਤਸ਼ਾਹ ਨਾਲ ਮਨਾਇਆ ਤੀਆਂ ਦਾ ਤਿਉਹਾਰ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਸਰਹਿੰਦ ਵਿਖੇ ਤੀਆਂ ਦਾ ਤਿਉਹਾਰ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਬੜੇ ਉਤਸ਼ਾਹ ਨਾਲ ਮਨਾਇਆ ਗਿਆ।ਜ਼ਿਕਰਯੋਗ ਹੈ ਕਿ ਵਾਰਡ ਨੰਬਰ 3 ਦੀ ਕਾਊਂਸਲਰ ਦਵਿੰਦਰ ਕੌਰ ਤੇ ਆਮ ਆਦਮੀ ਪਾਰਟੀ ਦੇ ਆਗੂ ਪ੍ਰਿਤਪਾਲ ਸਿੰਘ ਜੱਸੀ ਦੀ ਅਗਵਾਈ ਵਿੱਚ ਇਲਾਕਾ ਵਾਸੀਆਂ ਵੱਲੋਂ ਪ੍ਰੀਤ ਨਗਰ, ਸਰਹਿੰਦ ਦੇ ਮਿਊਂਸਪਲ ਪਾਰਕ ਵਿੱਚ ਹਰ ਸਾਲ ਤੀਆਂ ਦਾ ਤਿਉਹਾਰ ਇੱਕ ਵੱਡਾ ਸਮਾਗਮ ਕਰਕੇ ਮਨਾਇਆ ਜਾਂਦਾ ਹੈ, ਜਿਸ ਵਿੱਚ ਇਲਾਕੇ ਦੀਆਂ ਮੁਟਿਆਰਾਂ, ਔਰਤਾਂ, ਬੱਚੀਆਂ ਤੇ ਬਜ਼ੁਰਗ ਬੜੇ ਉਤਸ਼ਾਹ ਨਾਲ ਭਾਗ ਲੈਂਦੇ ਹਨ।ਪੰਜਾਬੀ ਪਹਿਰਾਵੇ ਵਿੱਚ ਸਜੀਆਂ ਮੁਟਿਆਰਾਂ, ਔਰਤਾਂ ਤੇ ਬੱਚੀਆਂ ਵੱਲੋਂ ਪੀਂਘਾਂ ਝੂਟ ਕੇ, ਗਿੱਧਾ ਪਾ ਕੇ ਤੇ ਬੋਲੀਆਂ ਪਾ ਕੇ ਤੀਆਂ ਦੇ ਇਸ ਸਮਾਗਮ ਵਿੱਚ ਰੰਗ ਬੰਨ੍ਹ ਦਿੱਤਾ ਗਿਆ।ਇਸ ਸਮਾਗਮ 'ਚ ਉਚੇਚੇ ਤੌਰ 'ਤੇ ਪਹੁੰਚੇ ਹਲਕਾ ਫ਼ਤਹਿਗੜ੍ਹ ਸਾਹਿਬ ਦੇ ਵਿਧਾਇਕ ਲਖਬੀਰ ਸਿੰਘ ਰਾਏ ਨੇ ਕਿਹਾ ਕਿ ਰਲ ਮਿਲ ਕੇ ਤਿਉਹਾਰ ਮਨਾਉਣ ਨਾਲ ਜਿੱਥੇ ਭਾਈਚਾਰਕ ਸਾਂਝ ਮਜ਼ਬੂਤ ਹੁੰਦੀ ਹੈ, ਉੱਥੇ ਹੀ ਸਾਡੀ ਨਵੀਂ ਪੀੜ੍ਹੀ ਵੀ ਸਾਡੇ ਅਮੀਰ ਵਿਰਸੇ ਤੋਂ ਜਾਣੂ ਹੁੰਦੀ ਹੈ।ਇਸ ਮੌਕੇ ਐੱਮ. ਸੀ. ਦਵਿੰਦਰ ਕੌਰ, ਜਸਵੰਤ ਕੌਰ ਮੰਡੋਫਲ, ਦਰਸ਼ਨ ਕੌਰ, ਜਸਵਿੰਦਰ ਕੌਰ ਖੇੜਾ, ਅਨੀਤਾ ਮਹਿਤਾ, ਲਖਵਿੰਦਰ ਕੌਰ, ਸੁਖਵਿੰਦਰ ਕੌਰ, ਅਮਨਦੀਪ ਕੌਰ, ਰਜਨੀ, ਰੂਪ ਪ੍ਰੀਤ ਕੌਰ, ਰਣਜੀਤ ਕੌਰ, ਸੁਰਿੰਦਰ ਕੌਰ, ਸੰਦੀਪ ਕੌਰ ਸੋਹੀ, ਕਮਲਜੀਤ ਕੌਰ ਢਿੱਲੋਂ, ਬਬਨਪ੍ਰੀਤ ਕੌਰ ਸੋਢੀ ਆਦਿ ਮੌਜੂਦ ਸਨ।

ਜ਼ੋਨ ਭਸੌੜ ਦੇ ਸਾਫਟਬਾਲ ਤੇ ਬੇਸਬਾਲ ਮੁਕਾਬਲੇ ਕਰਵਾਏ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਪਿਛਲੇ ਦਿਨੀਂ 68ਵੀਆਂ ਪੰਜਾਬ ਰਾਜ ਸਕੂਲ ਖੇਡਾਂ ਦੇ ਅਧੀਨ ਜ਼ੋਨ ਭਸੌੜ ਦੇ ਸਾਫਟਬਾਲ ਤੇ ਬੇਸਬਾਲ ਮੁਕਾਬਲੇ ਗ਼ਦਰੀ ਬਾਬਾ ਠਾਕੁਰ ਦਾਸ ਜੀ ਸਰਕਾਰੀ ਹਾਈ ਸਮਾਰਟ ਸਕੂਲ ਧੂਰਾ ਵਿਖੇ ਮੁੱਖ ਅਧਿਆਪਕ ਅਨਵਰ ਅਲੀ ਦੀ ਅਗਵਾਈ 'ਚ ਹੋਏ।ਇਨ੍ਹਾਂ ਮੁਕਾਬਲਿਆਂ ਦੀ ਸ਼ੁਰੂਆਤ ਸਰਪੰਚ ਗੁਰਪਿਆਰ ਧੂਰਾ ਵੱਲੋਂ ਖਿਡਾਰੀਆਂ ਨੂੰ ਆਸ਼ੀਰਵਾਦ ਦੇ ਕੇ ਕੀਤੀ ਗਈ।ਇਨ੍ਹਾਂ ਮੁਕਾਬਲਿਆਂ ਦੇ ਕਨਵੀਨਰ ਗੁਰਵਿੰਦਰ ਸਿੰਘ ਤੇ ਸਾਫਟਬਾਲ ਕੋਚ ਕੇਵਲ ਸਿੰਘ ਦਿਓਲ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਧੂਰਾ ਸਕੂਲ, ਗੁਰੂ ਤੇਗ ਬਹਾਦੁਰ ਸਕੂਲ ਬਰੜਵਾਲ, ਕਿੰਗਜ਼ਵਿਊ ਧੂਰਾ, ਰੋਬਿਨ ਸਕੂਲ, ਅਕਾਲ ਅਕੈਡਮੀ ਭੁੰਜੋਵਾਲੀ, ਕੰਨਿਆ ਸਕੂਲ ਧੂਰੀ ਤੇ ਚਤਨਿਆ ਟੈਕਨੋ ਸਕੂਲ ਧੂਰੀ ਦੇ ਖਿਡਾਰੀਆਂ ਨੇ ਭਾਗ ਲਿਆ।ਇਸ ਸਮੇਂ ਸਰਪੰਚ ਗੁਰਪਿਆਰ ਧੂਰਾ, ਕਬੱਡੀ ਕੁਮੈਂਟੇਟਰ ਹਰਪ੍ਰੀਤ ਸੰਧੂ, ਸਵਰਨਜੀਤ ਕੌਰ, ਮੈਡਮ ਮੰਜੂ ਰਾਣੀ, ਡਾਇਰੈਕਟਰ ਕਿੰਗਜ਼ਵਿਊ ਸਕੂਲ ਹਰਸ਼ ਸੰਧੂ, ਹੈਂਡਬਾਲ ਕੋਚ ਹਰਪਿੰਦਰ ਸੋਹੀ ਤੇ ਜਸਪਾਲ ਸਿੰਘ ਕੋਚ ਹਾਜ਼ਰ ਸਨ।

ਸੰਤ ਕਬੀਰ ਸਕੂਲ 'ਚ 'ਤੀਆਂ ਤੀਜ ਦੀਆਂ' ਤਿਉਹਾਰ ਮਨਾਇਆ

ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)-ਸਾਉਣ ਦਾ ਪ੍ਰਸਿੱਧ ਤਿਉਹਾਰ 'ਹਰਿਆਲੀ ਤੀਜ' ਤੇ 'ਤੀਆਂ ਤੀਜ ਦੀਆਂ' ਸੰਤ ਕਬੀਰ ਕਾਨਵੈਂਟ ਸੀਨੀਅਰ ਸੈਕੰਡਰੀ ਸਕੂਲ ਵਿਖੇ ਧੂਮਧਾਮ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸਮਾਗਮ ਵਿੱਚ ਵਿਦਿਆਰਥਣਾਂ ਵੱਲੋਂ ਪੇਸ਼ ਸੱਭਿਆਚਾਰਕ ਤੇ ਰੰਗਾ-ਰੰਗ ਲਾਈਵ ਪ੍ਰੋਗਰਾਮ ਦੌਰਾਨ ਗਿੱਧਾ, ਭੰਗੜਾ, ਕਿੱਕਲੀ, ਲੋਕ ਗੀਤਾਂ, ਟੱਪਿਆਂ ਤੇ ਬੋਲੀਆਂ ਨਾਲ ਖ਼ੂਬ ਰੰਗ ਬੰਨ੍ਹਿਆ। ਸਾਰੀਆਂ ਵਿਦਿਆਰਥਣਾਂ ਨੇ ਪੰਜਾਬੀ ਸੱਭਿਆਚਾਰ ਦੇ ਪ੍ਰਤੀਕ ਪਹਿਰਾਵੇ ਵਿੱਚ ਘੱਗਰੇ, ਪੰਜਾਬੀ ਸੂਟ, ਫੁਲਕਾਰੀ, ਪਰਾਂਦੇ ਤੇ ਸੱਗੀ ਫੁੱਲ ਆਦਿ ਸਜਾਏ ਹੋਏ ਸਨ। ਵਿਦਿਆਰਥਣਾਂ ਦੇ ਕਰਵਾਏ ਵੱਖ-ਵੱਖ ਮੁਕਾਬਲਿਆਂ ਵਿੱਚ 'ਮਿਸ ਤੀਜ' ਵੀ ਚੁਣੀ ਗਈ। ਸਟਾਫ ਤੇ ਬੱਚੀਆਂ ਦੁਆਰਾ ਮਿਲ-ਜੁਲ ਕੇ ਸੰਪੰਨ ਹੋਏ ਪ੍ਰੋਗਰਾਮ ਦਾ ਸਾਰਿਆਂ ਨੇ ਭਰਪੂਰ ਆਨੰਦ ਮਾਣਿਆ। ਸਕੂਲ ਦੇ ਐੱਮ. ਡੀ. ਪ੍ਰੋਫੈਸਰ ਐੱਮ. ਐੱਲ. ਅਰੋੜਾ ਤੇ ਪ੍ਰਿੰਸੀਪਲ ਮੈਡਮ ਕੰਚਨ ਨੇ ਸਾਰਿਆਂ ਨੂੰ ਤੀਜ ਦੀ ਵਧਾਈ ਦਿੰਦਿਆਂ ਕਿਹਾ ਕਿ ਅਜਿਹੇ ਤਿਉਹਾਰ ਸਾਡੇ ਸੱਭਿਆਚਾਰਕ ਵਿਰਸੇ ਨੂੰ ਸੰਭਾਲਣ ਵਿੱਚ ਸਹਾਈ ਹੁੰਦੇ ਹਨ।

90 ਕਿੱਲੋਗ੍ਰਾਮ ਪੋਸਤ, 6 ਲੱਖ 59 ਹਜ਼ਾਰ ਡਰੱਗ ਮਨੀ ਸਮੇਤ 5 ਕਾਬੂ

ਮਲੋਟ (ਗੁਰਮੀਤ ਸਿੰਘ ਮੱਕੜ)-ਜ਼ਿਲ੍ਹੇ ਅੰਦਰ ਨਸ਼ਿਆਂ ਅਤੇ ਸ਼ਰਾਰਤੀ ਅਨਸਰਾਂ ਖਿਲਾਫ ਵਿੱਢੀ ਮੁਹਿਮ ਦੌਰਾਨ ਮਨਮੀਤ ਸਿੰਘ ਢਿੱਲੋਂ, ਕਪਤਾਨ ਪੁਲਸ (ਇੰਨਵੈ), ਸ੍ਰੀ ਮੁਕਤਸਰ ਸਾਹਿਬ ਦੀ ਨਿਗਰਾਨੀ ਹੇਠ ਐਸ.ਆਈ. ਦੀਪਿਕਾ ਰਾਣੀ ਮੁੱਖ ਅਫਸਰ, ਥਾਣਾ ਗਿੱਦੜਬਾਹਾ ਅਤੇ ਇੰਸ. ਬਿਕਰਮਜੀਤ ਸਿੰਘ, ਮੁੱਖ ਅਫਸਰ, ਥਾਣਾ ਕੋਟਭਾਈ ਵੱਲੋਂ ਜਸਬੀਰ ਸਿੰਘ ਉਪ ਕਪਤਾਨ ਪੁਲਸ ਗਿੱਦੜਬਾਹਾ ਦੀ ਹਾਜ਼ਰੀ ਵਿਚ ਗਿੱਦੜਬਾਹਾ-ਮਲੋਟ ਰੋਡ, ਨੇੜੇ ਪਿੰਡ ਫਕਰਸਰ ਇੱਕ ਕਾਰ ਵਿਚੋਂ 55 ਕਿੱਲੋਗ੍ਰਾਮ ਪੋਸਤ ਅਤੇ 1 ਲੱਖ, 9 ਹਜ਼ਾਰ ਰੁਪਏ ਡਰੱਗ ਮਨੀ ਸਮੇਤ ਰਿਕੂ ਗੁੱਜਰ ਵਾਸੀ ਬਸੇੜੀ, ਜ਼ਿਲ੍ਹਾ ਕਰੋਲੀ (ਰਾਜਸਥਾਨ), ਧੀਰ ਸਿੰਘ ਵਾਸੀ ਤੇਸਗਾਮ, ਜ਼ਿਲ੍ਹਾ ਗੰਗਾਨਗਰ (ਰਾਜਸਥਾਨ), ਕੁਲਦੀਪ ਸਿੰਘ ਉਰਫ ਮਨੀ ਵਾਸੀ ਹੁਸਨਰ ਅਤੇ ਸੁਰਜੀਤ ਸਿੰਘ, ਰਜਿੰਦਰ ਸਿੰਘ ਉਰਫ ਰਾਜਾ ਵਾਸੀ ਕਾਉਣੀ ਨੂੰ ਮੁਕੱਦਮਾ ਵਿਚ ਦੋਸ਼ੀ ਨਾਮਜ਼ਦ ਕਰਕੇ 35 ਕਿੱਲੋਗ੍ਰਾਮ ਪੋਸਤ ਅਤੇ 5 ਲੱਖ, 50 ਹਜ਼ਾਰ ਰੁਪਏ ਡਰੱਗ ਮਨੀ ਬਰਾਮਦ ਕਰਨ ਵਿਚ ਸਫਲਤਾ ਹਾਸਿਲ ਕੀਤੀ ਹੈ।

ਜ਼ਿਲ੍ਹਾ ਪੁਲਸ ਨੇ 2 ਗਰੋਹਾਂ ਦੇ 4 ਮੈਂਬਰਾਂ ਨੂੰ ਕੀਤਾ ਗ੍ਰਿਫ਼ਤਾਰ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਸੌਮਿਆ ਮਿਸ਼ਰਾ ਸੀਨੀਅਰ ਕਪਤਾਨ ਪੁਲਸ, ਫਿਰੋਜ਼ਪੁਰ ਨੇ ਪ੍ਰੈਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਸਮਾਜ ਵਿਰੋਧੀ ਅਨਸਰਾਂ ਅਤੇ ਅਪਰਾਧੀਆਂ ਨੂੰ ਠੱਲ੍ਹ ਪਾਉਣ ਲਈ ਜ਼ਿਲ੍ਹਾ ਪੁਲਸ ਵੱਲੋਂ ਗੰਭੀਰਤਾ ਨਾਲ ਕਾਰਵਾਈ ਕੀਤੀ ਜਾ ਰਹੀ ਹੈ।ਇਸ ਮੁਹਿੰਮ ਤਹਿਤ ਰਣਧੀਰ ਕੁਮਾਰ ਕਪਤਾਨ ਪੁਲਿਸ (ਇੰਨਵ:) ਫਿਰੋਜ਼ਪੁਰ ਅਤੇ ਰਾਜੇਸ਼ ਕੁਮਾਰ ਉਪ ਕਪਤਾਨ ਪੁਲਸ, ਸਬ ਡਵੀਜ਼ਨ ਦਿਹਾਤੀ ਫਿਰੋਜ਼ਪੁਰ ਦੀ ਨਿਗਰਾਨੀ ਹੇਠ ਕੰਮ ਕਰ ਰਹੀਆਂ 2 ਵੱਖ-ਵੱਖ ਟੀਮਾਂ ਨੂੰ ਸਫਲਤਾ ਹਾਸਲ ਹੋਈ ਹੈ। ਇੰਸਪੈਕਟਰ ਰਵੀ ਕੁਮਾਰ ਮੁੱਖ ਅਫਸਰ ਥਾਣਾ ਤਲਵੰਡੀ ਭਾਈ ਦੀ ਅਗਵਾਈ ਵਿੱਚ ਕੰਮ ਕਰ ਰਹੀ ਸਹਾਇਕ ਥਾਣੇਦਾਰ ਕੁਲਵੰਤ ਸਿੰਘ ਫਿਰੋਜ਼ਪੁਰ ਦੀ ਟੀਮ ਨੂੰ 5 ਅਗਸਤ ਨੂੰ ਦੌਰਾਨੇ ਗਸ਼ਤ ਗੁਪਤ ਸੂਤਰਾ ਤੋਂ ਇਤਲਾਹ ਮਿਲੀ ਕਿ ਤੇਜਾ ਸਿੰਘ ਪੁੱਤਰ ਦਰਸ਼ਨ ਸਿੰਘ ਅਤੇ ਸੁਖਪ੍ਰੀਤ ਉਰਫ ਸੁੱਖਾ ਪੁੱਤਰ ਆਤਮਾ ਵਾਸੀਆਨ ਵਾੜਾ ਭਾਈ ਕਾ ਮੋਟਰਸਾਈਕਲ ਚੋਰੀ ਕਰਨ ਦੇ ਆਦੀ ਹਨ ਅਤੇ ਹੁਣ ਵੀ ਚੋਰੀ ਦੇ ਮੋਟਰਸਾਈਕਲ ਸਮੇਤ ਲੱਲੇ ਪਿੰਡ ਪਾਸ ਕੋਲਡ ਸਟੋਰ ਗ੍ਰਾਹਕ ਦੀ ਉਡੀਕ ਵਿੱਚ ਖੜ੍ਹੇ ਹਨ। ਜੇਕਰ ਰੇਡ ਕੀਤਾ ਜਾਵੇ ਤਾਂ ਇਨ੍ਹਾਂ ਪਾਸੋਂ ਹੋਰ ਵੀ ਚੋਰੀ ਦੇ ਮੋਟਰਸਾਈਕਲ ਮਿਲ ਸਕਦੇ ਹਨ। ਜਿਸ 'ਤੇ ਸਹਾਇਕ ਥਾਣੇਦਾਰ ਕੁਲਵੰਤ ਸਿੰਘ ਨੇ ਦੋਸ਼ੀਆਂ ਪਰ ਰੇਡ ਕਰਕੇ ਉਨ੍ਹਾਂ ਨੂੰ ਕਾਬੂ ਕੀਤਾ ਜਿਨ੍ਹਾਂ ਪਾਸੋਂ ਮੌਕਾ 'ਤੇ ਚੋਰੀ ਕੀਤਾ ਹੋਇਆ ਇੱਕ ਮੋਟਰਸਾਈਕਲ ਬ੍ਰਾਮਦ ਕੀਤਾ ਗਿਆ। ਦੋਸ਼ੀਆਨ ਨੇ ਦੌਰਾਨੇ ਪੁੱਛਗਿੱਛ ਇਹ ਇੰਕਸ਼ਾਫ ਕੀਤਾ ਕਿ ਉਨ੍ਹਾਂ ਨੇ ਚੋਰੀ ਕੀਤੇ ਹੋਰ ਵੀ ਮੋਟਰਸਾਈਕਲ ਲੁਕਾ-ਛਿਪਾ ਕੇ ਰੱਖੇ ਹੋਏ ਹਨ ਜਿਨ੍ਹਾਂ ਤੇ ਰੇਡ ਕਰਕੇ ਦੋਸ਼ੀਆਨ ਪਾਸੋਂ 19 ਹੋਰ ਚੋਰੀਸ਼ੁਦਾ ਮੋਟਰਸਾਈਕਲ ਬ੍ਰਾਮਦ ਕੀਤੇ ਗਏ। ਇਸ ਤਰਾਂ ਦੋਸ਼ੀਆਨ ਪਾਸੋਂ ਕੁੱਲ 20 ਚੋਰੀਸ਼ੁਦਾ ਮੋਟਰਸਾਈਕਲ ਬ੍ਰਾਮਦ ਹੋ ਚੁੱਕੇ ਹਨ। ਦੋਸ਼ੀਆਨ ਦਾ ਪੁਲਸ ਰਿਮਾਂਡ ਲਿਆ ਜਾ ਰਿਹਾ ਹੈ ਜਿਨ੍ਹਾਂ ਪਾਸੋਂ ਹੋਰ ਵੀ ਚੋਰੀ ਕੀਤਾ ਸਮਾਨ ਅਤੇ ਮੋਟਰਸਾਈਕਲ ਬ੍ਰਾਮਦ ਹੋਣ ਦੀ ਸੰਭਾਵਨਾ ਹੈ।ਇੰਸਪੈਕਟਰ ਗੁਰਮੀਤ ਸਿੰਘ ਮੁੱਖ ਅਫਸਰ ਥਾਣਾ ਕੁੱਲਗੜੀ ਦੀ ਅਗਵਾਈ ਵਿੱਚ ਕੰਮ ਕਰ ਰਹੀ ਸਹਾਇਕ ਥਾਣੇਦਾਰ ਬਲਜੀਤ ਸਿੰਘ ਦੀ ਟੀਮ ਨੂੰ 5 ਅਗਸਤ ਨੂੰ ਦੌਰਾਨੇ ਗਸ਼ਤ ਗੁਪਤ ਸੂਤਰਾਂ ਤੋਂ ਇਤਲਾਹ ਮਿਲੀ ਕਿ ਪ੍ਰਿਥਵੀ ਪੁੱਤਰ ਵਿਕਾਸ ਵਾਸੀ ਸੇਠੀ ਮਾਡਲ ਸਕੂਲ ਵਾਲੀ ਗਲੀ, ਮੱਖੂ ਗੇਟ ਫਿਰੋਜ਼ਪੁਰ ਅਤੇ ਪ੍ਰਥਮ ਉਰਫ ਪਤਰਸ ਪੁੱਤਰ ਬਿੱਲਾ ਵਾਸੀ ਵਲੂਰ ਹਾਲ ਮੱਖੂ ਗੇਟ, ਫਿਰੋਜ਼ਪੁਰ ਸ਼ਹਿਰ ਚੋਰੀਆਂ ਕਰਨ ਦੇ ਆਦੀ ਹਨ, ਜਿਸ 'ਤੇ ਸ.ਬ. ਬਲਜੀਤ ਸਿੰਘ ਵੱਲੋਂ ਦੋਸ਼ੀਆਨ ਤੇ ਰੇਡ ਕਰਕੇ ਉਨ੍ਹਾਂ ਨੂੰ ਕਾਬੂ ਕੀਤਾ ਗਿਆ ਅਤੇ ਦੋਸ਼ੀਆਨ ਪਾਸੋਂ ਤਫਤੀਸ਼ ਦੌਰਾਨ 1 ਚੋਰੀਸ਼ੁਦਾ

8-AUG-PAGE 3 ADVT.qxd 8/7/2024 10:51 PM Page 1

ਨਵਾਂ ਜ਼ਮਾਨਾ
ਵੀਰਵਾਰ, 8 ਅਗਸਤ 2024

ਮੁਲਾਜ਼ਮਾਂ ਨਾਲ ਧੱਕਾ

ਇੱਕ ਕਰੋੜ ਤੋਂ ਵੱਧ ਕੇਂਦਰੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਕੇਂਦਰ ਸਰਕਾਰ ਨੇ ਤਕੜਾ ਝਟਕਾ ਦਿੰਦਿਆਂ ਕੋਰੋਨਾ ਕਾਲ ਵੇਲੇ ਰੋਕੇ 18 ਮਹੀਨਿਆਂ ਦੇ ਡੀ ਏ ਦਾ ਏਰੀਅਰ ਦੇਣ ਤੋਂ ਨਾਂਹ ਕਰ ਦਿੱਤੀ ਹੈ। ਵਿੱਤ ਰਾਜ ਮੰਤਰੀ ਪੰਕਜ ਚੌਧਰੀ ਨੇ ਰਾਜ ਸਭਾ ਵਿਚ ਇਸ ਦਾ ਐਲਾਨ ਕੀਤਾ। ਮੁਲਾਜ਼ਮ ਜਥੇਬੰਦੀਆਂ ਨੇ ਇਸ ਬਾਰੇ ਸਰਕਾਰ ਤੇ ਪ੍ਰਧਾਨ ਮੰਤਰੀ ਨੂੰ ਪੱਤਰ ਲਿਖ ਕੇ ਏਰੀਅਰ ਦੇਣ ਦੀ ਮੰਗ ਕੀਤੀ ਸੀ। ਰਾਜ ਸਭਾ ਵਿਚ ਜਦੋਂ ਜਾਵੇਦ ਅਲੀ ਖਾਨ ਤੇ ਰਾਮਜੀ ਲਾਲ ਸ਼ਰਮਾ ਨੇ ਪੁੱਛਿਆ ਕਿ ਕੀ ਸਰਕਾਰ ਕੋਰੋਨਾ ਕਾਲ ਸਮੇਂ ਰੋਕੇ ਡੀ ਏ ਦੇ ਏਰੀਅਰ ਦਾ ਭੁਗਤਾਨ ਕਰਨ ਲਈ ਕੁਝ ਕਰ ਰਹੀ ਹੈ, ਜੇ ਨਹੀਂ ਕਰ ਰਹੀ ਤਾਂ ਕਿਉਂ? ਸਰਕਾਰ ਨੂੰ ਮੁਲਾਜ਼ਮ ਜਥੇਬੰਦੀਆਂ ਤੋਂ ਇਸ ਬਾਰੇ ਕਿੰਨੇ ਪੱਤਰ ਮਿਲੇ ਹਨ ਤੇ ਉਨ੍ਹਾਂ 'ਤੇ ਸਰਕਾਰ ਨੇ ਕੀ ਕਾਰਵਾਈ ਕੀਤੀ ਹੈ? ਮੰਤਰੀ ਨੇ ਕਿਹਾ ਕਿ ਕੋਰੋਨਾ ਕਾਲ ਵਿਚ ਅਰਥ ਵਿਵਸਥਾ ਦੀ ਹਾਲਤ ਠੀਕ ਨਾ ਹੋਣ ਕਰਕੇ ਡੀ ਏ ਰੋਕਿਆ ਗਿਆ ਸੀ। ਉਸ ਸਮੇਂ ਸਰਕਾਰ 'ਤੇ ਵਿੱਤੀ ਦਬਾਅ ਸੀ। ਕਈ ਜਥੇਬੰਦੀਆਂ ਦੇ ਪੱਤਰ ਮਿਲੇ ਹਨ, ਪਰ ਫਿਲਹਾਲ ਏਰੀਅਰ ਦੇਣਾ ਸੰਭਵ ਨਹੀਂ।

ਸਰਕਾਰ ਸੱਤਵੇਂ ਪੇ ਕਮਿਸ਼ਨ ਤਹਿਤ ਹਰ ਛੇ ਮਹੀਨਿਆਂ ਬਾਅਦ ਮੁਲਾਜ਼ਮਾਂ ਦਾ ਮਹਿੰਗਾਈ ਭੱਤਾ ਵਧਾਉਣ ਦਾ ਫੈਸਲਾ ਕਰਦੀ ਹੈ। 2020 ਦੀ ਸ਼ੁਰੂਆਤ ਵਿਚ ਕੋਰੋਨਾ ਕਰਕੇ ਸਰਕਾਰ ਨੇ ਵਿੱਤੀ ਅਸਥਰਿਤਾ ਦਾ ਹਵਾਲਾ ਦਿੰਦਿਆਂ ਡੀ ਏ 'ਤੇ ਰੋਕ ਲਾ ਦਿੱਤੀ ਅਤੇ ਜਨਵਰੀ 2020 ਤੋਂ ਜੂਨ 2021 ਤੱਕ ਦਾ ਡੀ ਏ ਰੋਕ ਦਿੱਤਾ। ਆਮ ਤੌਰ 'ਤੇ ਸਰਕਾਰ ਜਨਵਰੀ ਤੇ ਜੁਲਾਈ ਵਿਚ ਡੀ ਏ ਵਧਾਉਂਦੀ ਹੈ, ਪਰ ਮੋਦੀ ਸਰਕਾਰ ਨੇ 18 ਮਹੀਨਿਆਂ ਤੱਕ ਡੀ ਏ ਵਿਚ ਵਾਧਾ ਨਹੀਂ ਕੀਤਾ। ਡੀ ਏ ਨਾ ਵਧਾ ਕੇ ਸਰਕਾਰ ਨੇ 34,402 ਕਰੋੜ ਰੁਪਏ ਤੋਂ ਵੱਧ ਦੀ ਬੱਚਤ ਕੀਤੀ।

ਇਹ ਤਾਂ ਹੈ ਨਹੀਂ ਕਿ ਮੁਲਾਜ਼ਮਾਂ ਨੇ ਕੋਰੋਨਾ ਕਾਲ ਦੌਰਾਨ ਕੰਮ ਨਹੀਂ ਕੀਤਾ, ਉਨ੍ਹਾਂ ਆਪਣੀਆਂ ਜਾਨਾਂ ਤੱਕ ਗੁਆਈਆਂ। ਇਕ ਪਾਸੇ ਸਰਕਾਰ ਦੁਨੀਆ ਦੀ ਵੱਡੀ ਆਰਥਕ ਤਾਕਤ ਬਣਨ ਵੱਲ ਵਧਣ ਦੇ ਰੋਜ਼ ਦਾਅਵੇ ਕਰ ਰਹੀ ਹੈ ਤੇ ਦੂਜੇ ਪਾਸੇ ਮੁਲਾਜ਼ਮਾਂ ਦੇ ਪੈਸੇ ਦੱਬੀ ਬੈਠੀ ਹੈ। ਕਾਰਪੋਰੇਟਾਂ ਨੂੰ ਟੈਕਸਾਂ ਵਿਚ ਛੋਟਾਂ 'ਤੇ ਛੋਟਾਂ ਦੇਣ ਵਾਲੀ ਸਰਕਾਰ ਨੂੰ ਸਮਝਣਾ ਚਾਹੀਦਾ ਹੈ ਕਿ ਮੁਲਾਜ਼ਮ ਤੇ ਮਜ਼ਦੂਰ ਹੀ ਆਰਥਕਤਾ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ।

ਵਿਕਾਸ ਦਾ ਦੂਸਰਾ ਨਾਂਅ ਸੀ ਕਾਮਰੇਡ ਮਨਜੀਤ ਲਾਲੀ

ਅਵਤਾਰ ਲੰਗੇਰੀ

ਮੌਤ-ਮੌਤ ਵਿੱਚ ਲੱਖਾਂ ਦਾ ਫਰਕ ਹੁੰਦਾ ਹੈ ਇੱਕ ਮੌਤ, ਜੋ ਪਰਬਤੋਂ ਭਾਰੀ ਅਤੇ ਇੱਕ ਮੌਤ, ਜੋ ਕੱਖਾਂ ਤੋਂ ਹੌਲੀ ਹੁੰਦੀ ਹੈ। ਇਹ ਪਰਬਤੋਂ ਭਾਰੀ ਮੌਤ ਕਿਸੇ ਵਿਰਲੇ ਨੂੰ ਹੀ ਅਪਣਾਉਂਦੀ ਹੈ, ਜਿਸ ਨੇ ਆਪਣੇ ਕੁਣਬੇ ਤੋਂ ਉੱਪਰ ਉੱਠਦਿਆਂ ਲੋਕ ਹਿੱਤਾਂ ਲਈ ਕੁਝ ਕੀਤਾ ਹੋਵੇ। ਲੋਕਾਂ ਲਈ ਕੁਝ ਕਰ ਗੁਜ਼ਰਨ ਵਾਲਿਆਂ ਵਿੱਚੋਂ ਕੁਝ ਅਜਿਹੀ ਹੀ ਸ਼ਖਸੀਅਤ ਦੇ ਮਾਲਕ ਸਨ ਪਿੰਡ ਲੰਗੇਰੀ, ਬਲਾਕ ਮਾਹਿਲਪੁਰ, ਤਹਿਸੀਲ ਗੜ੍ਹਸ਼ੰਕਰ, ਜ਼ਿਲ੍ਹਾ ਹੁਸ਼ਿਆਰਪੁਰ ਦੇ ਲਗਭੱਗ ਸਤਾਈ ਵਰ੍ਹੇ ਰਹੇ ਸਰਪੰਚ ਅਤੇ ਸਪੋਰਟਸ ਕਲੱਬ ਲੰਗੇਰੀ ਦੇ ਪ੍ਰਧਾਨ ਕਾਮਰੇਡ ਮਨਜੀਤ ਸਿੰਘ ਲਾਲੀ।

ਸੰਨ 1940 ਵਿੱਚ ਉਨ੍ਹਾ ਵੱਲੋਂ ਮਾਤਾ ਦਲੀਪ ਕੌਰ ਦੀ ਕੁੱਖੋਂ ਪਿਤਾ ਸੁਤੰਤਰਤਾ ਸੈਨਾਨੀ ਗਿਆਨੀ ਮੇਹਰ ਸਿੰਘ ਦੇ ਘਰ ਪਿੰਡ ਲੰਗੇਰੀ ਵਿਖੇ ਜਨਮ ਲਿਆ। ਆਪਣੀ ਉਮਰ ਦੇ ਬਿਤਾਏ ਅੱਸੀ ਵਰ੍ਹਿਆਂ ਵਿਚ ਉਨ੍ਹਾ ਵੱਲੋਂ ਬਹੁਤ ਸਾਰੇ ਗਿਣਨਯੋਗ ਕਾਰਜ ਕੀਤੇ ਗਏ ਆਪਣੇ ਆਖਰੀ ਸੁਆਸ ਸਮੇਂ ਤੱਕ ਵੀ ਉਹ ਪਿੰਡ ਦੇ ਸਰਪੰਚ, ਸਪੋਰਟਸ ਕਲੱਬ ਦੇ ਪ੍ਰਧਾਨ ਅਤੇ 'ਨਵਾਂ ਜ਼ਮਾਨਾ' ਜਲੰਧਰ ਦੇ ਟਰੱਸਟੀ ਰਹੇ। ਮਨਜੀਤ ਲਾਲੀ ਨੂੰ ਉਮਰ ਭਰ ਪਿੰਡ ਲੰਗੇਰੀ ਨਾਲ ਅੰਤਾਂ ਦਾ ਮੋਹ ਰਿਹਾ ਅਤੇ ਪਿੰਡ ਵਾਸੀਆਂ ਨੂੰ ਮਨਜੀਤ ਲਾਲੀ 'ਤੇ ਵੱਡਾ ਮਾਣ, ਕਿਉਂਕਿ ਉਹ ਲੰਗੇਰੀ ਪਿੰਡ ਦਾ ਰੌਸ਼ਨ ਦਿਮਾਗ ਅਤੇ ਮਾਣਮੱਤਾ ਸਪੂਤ ਸੀ। ਜ਼ਿੰਦਗੀ ਜਿਊਣ ਦਾ ਸਲੀਕਾ ਅਤੇ ਕੰਮ ਪ੍ਰਤੀ ਵਫ਼ਾਦਾਰੀ ਜਿੱਥੇ ਉਨ੍ਹਾ ਨੂੰ ਵਿਰਾਸਤ ਵਿੱਚ ਮਿਲੀ, ਉੱਥੇ ਉਹ ਭਰ ਜਵਾਨੀ ਵਿੱਚ ਇੰਗਲੈਂਡ ਵਰਗੇ ਮੁਲਕ ਵਿੱਚ ਸਖਤ ਮਿਹਨਤ ਕਰਕੇ ਕਿਰਤ ਕਰਨ ਅਤੇ ਇਨਸਾਨੀਅਤ ਦੇ ਗੁਣਾਂ ਨਾਲ ਲੈਸ ਹੋ ਕੇ ਵਤਨ ਪਰਤੇ ਸਨ।

ਮਨਜੀਤ ਲਾਲੀ 37 ਸਾਲਾਂ ਦੀ ਉਮਰੇ ਅਮਰ ਸ਼ਹੀਦ ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ ਦੇ ਨਕਸ਼ੇ-ਕਦਮਾਂ 'ਤੇ ਚਲਦਿਆਂ ਉਸ ਸਮੇਂ ਇੰਗਲੈਂਡ ਦੀ ਸਹੂਲਤਾਂ ਭਰੀ ਜ਼ਿੰਦਗੀ ਛੱਡ ਉਦੋਂ ਪਿੰਡ ਪਰਤੇ, ਜਦੋਂ ਪੰਜਾਬ ਪੂਰੀ ਤਰ੍ਹਾਂ ਅੱਤਵਾਦ ਦੀ ਭੱਠੀ ਵਿੱਚ ਝੁਲਸ ਰਿਹਾ ਸੀ। ਪਿੰਡ ਪਰਤਣ ਤੋਂ ਪਹਿਲਾਂ ਹੀ ਮਨਜੀਤ ਲਾਲੀ ਉੱਘੇ ਚਿੰਤਕ ਪੰਡਤ ਵਿਸ਼ਨੂੰ ਦੱਤ ਸ਼ਰਮਾ ਅਤੇ ਕਾਮਰੇਡ ਹਰਦੀਪ ਦੂਹੜੇ ਵਰਗੇ ਕਮਿਊਨਿਸਟ ਇਨਕਲਾਬੀ ਸਾਥੀਆਂ ਨੂੰ ਇੰਗਲੈਂਡ ਵਿਚ ਸੰਗਤ ਕਰਕੇ ਲੋਕ-ਪੱਖੀ ਵਿਚਾਰਧਾਰਾ ਨੂੰ ਪ੍ਰਣਾਅ ਇੱਕ ਚਰਚਿਤ ਹਸਤੀ ਬਣ ਰਿਹਾ ਸੀ। ਜਦੋਂ ਪੰਜਾਬ ਕਾਲੇ ਦੌਰ ਵਿਚੋਂ ਗੁਜ਼ਰ ਰਿਹਾ ਸੀ ਤਾਂ ਉਸ ਵੇਲੇ 25 ਸਤੰਬਰ 1987 ਨੂੰ ਦਹਿਸ਼ਤਗਰਦਾਂ ਵੱਲੋਂ ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ ਨੂੰ ਪਿੰਡ ਲੰਗੇਰੀ ਦੀ ਜੂਹ ਅੰਦਰ ਹੀ ਸ਼ਹੀਦ ਕਰ ਦਿੱਤਾ। ਉਨ੍ਹਾਂ ਦਿਨਾਂ ਵਿੱਚ ਖਾਲਿਸਤਾਨ ਦੇ ਖਿਲਾਫ਼ ਗੱਲ ਕਰਨਾ ਅੱਗ ਨਾਲ ਖੇਡਣ ਦੇ ਬਰਾਬਰ ਸੀ, ਪ੍ਰੰਤੂ ਮਨਜੀਤ ਲਾਲੀ ਵੱਲੋਂ ਆਪਣੀ ਜਾਨ ਦੀ ਪਰਵਾਹ ਨਾ ਕਰਦਿਆਂ ਸਖ਼ਤ ਘਾਲਣਾ ਅਤੇ ਕਠਿਨ ਮਿਹਨਤ ਸਦਕਾ ਉਨ੍ਹਾ ਦੀ ਯਾਦ ਵਿੱਚ ਅਮਰ ਸ਼ਹੀਦ ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ ਦੀ ਯਾਦਗਾਰ ਅਤੇ ਸਰਕਾਰੀ ਮਿਡਲ ਸਕੂਲ ਕੰਪਲੈਕਸ ਦੀ ਉਸਾਰੀ ਕਰਵਾਈ। ਜਦੋਂ ਇਹ ਉਸਾਰੀ ਚੱਲ ਰਹੀ ਸੀ ਤਾਂ ਉਸ ਸਮੇਂ ਖਾਲਿਸਤਾਨੀਆਂ ਵੱਲੋਂ ਕਾਮਰੇਡ ਲਾਲੀ ਨੂੰ ਧਮਕੀਆਂ ਭਰੇ ਪੱਤਰ ਮਿਲਦੇ ਰਹੇ ਕਿ, 'ਕੈਨੇਡੀਅਨ ਦੀ ਯਾਦਗਾਰ ਬਣਾਉਣ ਦੇ ਨਾਲ ਆਪਣੀ ਅਤੇ ਆਪਣੇ ਇੰਗਲੈਂਡ ਰਹਿੰਦੇ ਪੁੱਤਰ ਦੀ ਯਾਦਗਾਰ ਬਣਾਉਣ ਬਾਰੇ ਵੀ ਸੋਚ ਲਈ।' ਪਰ ਲਾਲੀ ਜੀ ਦੀ ਦੂਰਅੰਦੇਸ਼ੀ ਅਤੇ ਇਨਕਲਾਬੀ ਸੂਝ-ਬੂਝ ਸਦਕਾ ਯਾਦਗਾਰ ਨੂੰ ਸਫਲਤਾ-ਪੂਰਵਕ ਨੇਪਰੇ ਚਾੜ੍ਹਿਆ ਅਤੇ ਉਸਾਰੀ ਗਈ ਇਸੇ ਯਾਦਗਾਰ ਉਤੇ ਪਿੰਡ, ਇਲਾਕਾ ਨਿਵਾਸੀਆਂ ਅਤੇ ਕਮਿਊਨਿਸਟ ਪਾਰਟੀਆਂ ਦੇ ਸਹਿਯੋਗ ਨਾਲ ਲਗਾਤਾਰ ਸਾਥੀ ਦਰਸ਼ਨ ਸਿੰਘ ਕੈਨੇਡੀਅਨ ਦੀ ਬਰਸੀ ਮਨਾਈ ਜਾਂਦੀ ਰਹੀ।

ਆਪਣੇ ਪਿਤਾ ਸਮੇਤ ਪਿੰਡ ਦੇ ਅਨੇਕਾਂ ਦੇਸ਼ ਭਗਤਾਂ ਅਤੇ ਅਮਰ ਸ਼ਹੀਦ ਦਰਸ਼ਨ ਸਿੰਘ ਕੈਨੇਡੀਅਨ ਦੀ ਵਿਰਾਸਤ ਨੂੰ ਅੱਗੇ ਵਧਾਉਣ ਲਈ ਲਾਲੀ ਨੇ ਕਮਿਊਨਿਸਟ ਪਾਰਟੀਆਂ ਸੰਗ ਮਿਲ ਕੇ ਇਨਕਲਾਬੀ ਕਾਰਜ ਸ਼ੁਰੂ ਕੀਤੇ। ਦੋ ਸਾਲਾਂ ਉਪਰੰਤ ਹੀ ਉਹ 39 ਸਾਲ ਦੀ ਛੋਟੀ ਉਮਰੇ ਪਿੰਡ ਦੇ ਨੌਜਵਾਨ ਸਰਪੰਚ ਬਣੇ ਅਤੇ ਲਾਮਿਸਾਲ ਵਿਕਾਸ ਕਾਰਜ ਕੀਤੇ। ਪਿੰਡ ਦੀ ਸਰਪੰਚੀ ਤੋਂ ਲੈ ਕੇ ਬਲਾਕ ਸੰਮਤੀ ਮੈਂਬਰ, ਜ਼ਿਲ੍ਹਾ ਪਲਾਨਿੰਗ ਬੋਰਡ ਅਤੇ ਸਟੇਟ ਪਲਾਨਿੰਗ ਬੋਰਡ ਦੇ ਮੈਂਬਰ ਬਣ ਲੋਕਾਂ ਦੇ ਹਰਮਨ-ਪਿਆਰੇ ਆਗੂ ਬਣੇ। ਉਹ ਇਕੋ ਸਮੇਂ ਬਹੁਤ ਸਾਰੀਆਂ ਸੰਸਥਾਵਾਂ ਦੇ ਮੈਂਬਰ ਸਨ। ਉਹ ਵਿਲੇਜ ਲਾਈਫ਼ ਇੰਪਰੂਵਮੈਂਟ ਫਾਊਂਡੇਸ਼ਨ ਲੰਗੇਰੀ, ਪ੍ਰਿੰਸੀਪਲ ਹਰਭਜਨ ਸਿੰਘ ਮੈਮੋਰੀਅਲ ਫੁੱਟਬਾਲ ਕਲੱਬ ਮਾਹਿਲਪੁਰ, ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਦੀ ਮੈਨੇਜਮੈਂਟ ਕਮੇਟੀ ਦੇ ਮੈਂਬਰ, ਪ੍ਰਧਾਨ ਸਰਪੰਚ ਯੂਨੀਅਨ ਬਲਾਕ ਮਾਹਿਲਪੁਰ, ਕੈਪਟਨ ਹਜੂਰਾ ਸਿੰਘ ਟਰੱਸਟ ਦੇ ਪ੍ਰਬੰਧਕ ਹੀ ਨਹੀਂ, ਸਗੋਂ ਉਹਨਾ ਵੱਲੋਂ ਲਗਾਤਾਰ ਪਿੰਡ ਸੁਧਾਰ, ਸਮਾਜ

ਸੁਧਾਰ, ਵਿੱਦਿਆ ਦਾਨੀ ਅਤੇ ਖੇਡ ਪ੍ਰਮੋਟਰ ਵਜੋਂ ਵੀ ਉੱਘਾ ਹਿੱਸਾ ਪਾਇਆ। ਵਿਗਿਆਨਕ ਸੋਚ ਦੇ ਧਾਰਨੀ ਹੋਣ ਸਦਕਾ ਉਨ੍ਹਾ ਵੱਲੋਂ ਮਰਨ ਉਪਰੰਤ ਆਪਣਾ ਸਰੀਰ ਪੀ ਜੀ ਆਈ ਚੰਡੀਗੜ੍ਹ ਲਈ ਦਾਨ ਕੀਤਾ ਹੋਇਆ ਸੀ। ਉਹ ਕਿਹਾ ਕਰਦੇ ਸਨ ਕਿ ਅੱਜ ਵਿਗਿਆਨਕ ਯੁਗ ਹੈ, ਜਿਸ ਵਿੱਚ ਮਰਨ ਉਪਰੰਤ ਵੀ ਮਨੁੱਖਤਾ ਦੇ ਕੰਮ ਆਇਆ ਜਾ ਸਕਦਾ ਹੈ। ਉਹ ਨਿਧੜਕ ਅਤੇ ਬੇਬਾਕ ਬੁਲਾਰੇ ਸਨ। ਮੈਨੂੰ ਮੇਲਿਆਂ ਬਾਰੇ ਮਨਜੀਤ ਲਾਲੀ ਵੱਲੋਂ ਕਹੀ ਇਹ ਗੱਲ ਲਿਖਦਿਆਂ ਵੀ ਬੜਾ ਮਾਣ ਮਹਿਸੂਸ ਹੋ ਰਿਹਾ ਹੈ, ਜਿਸ ਵਿਚ ਉਹ ਹਮੇਸ਼ਾ ਕਿਹਾ ਕਰਦੇ ਸਨ ਕਿ ਸਾਡੇ ਤਾਂ ਇਹੀ ਮੇਲੇ ਹਨ, ਜਲੰਧਰ ਵਿੱਚ ਗਦਰੀ ਬਾਬਿਆਂ ਦਾ ਮੇਲਾ, ਪਿੰਡ ਵਿੱਚ ਕੈਨੇਡੀਅਨ ਸਮੇਤ ਦੇਸ਼ ਭਗਤਾਂ ਦੀ ਯਾਦ ਵਿਚ ਮਨਾਏ ਜਾਣ ਵਾਲੇ ਮੇਲੇ, ਸਾਲਾਨਾ ਫੁੱਟਬਾਲ ਟੂਰਨਾਮੈਂਟ ਅਤੇ ਪੇਂਡੂ ਖੇਡ ਮੇਲੇ। ਇਹ ਇੱਕ ਅਜਿਹਾ ਮਨੋਰੰਜਨ ਹੈ, ਜਿਸ ਨਾਲ ਮਨੁੱਖ ਦਾ ਨਿਰੰਤਰ ਸਰੀਰਕ ਅਤੇ ਮਾਨਸਿਕ ਵਿਕਾਸ ਹੁੰਦਾ ਹੈ। ਇਨ੍ਹਾਂ ਪ੍ਰੋਗਰਾਮਾਂ ਤੋਂ ਇਲਾਵਾ ਉਹ ਪਿੰਡ ਵਿੱਚ ਗਾਹੇ-ਬਗਾਹੇ ਤਰਕਸ਼ੀਲ ਇਨਕਲਾਬੀ ਗਤੀਵਿਧੀਆਂ ਅਤੇ ਚਿੰਤਨ ਦੀ ਜੋਤ ਜਗਾਈ ਰੱਖਦੇ।

ਪਿੰਡ ਲੰਗੇਰੀ ਲਈ ਉਨ੍ਹਾ ਦੀ ਬਹੁਤ ਵੱਡੀ ਘਾਲਣਾ ਸੀ। ਪਿੰਡ ਵਿੱਚ ਸੀਵਰੇਜ ਸਿਸਟਮ, ਸੋਲਰ ਲਾਈਟਾਂ, ਕੰਕਰੀਟ ਗਲੀਆਂ, ਭਾਈ ਪਿਆਰਾ ਸਿੰਘ ਗਦਰੀ ਯਾਦਗਾਰੀ ਪੇਂਡੂ ਡਿਸਪੈਂਸਰੀ, ਦੇਸ਼ ਭਗਤਾਂ ਦੀ ਯਾਦ ਵਿੱਚ ਪਿੰਡ ਵਿੱਚ ਦੇਸ਼ ਭਗਤ ਯਾਦਗਾਰ ਹਾਲ ਦੀ ਉਸਾਰੀ, ਅੱਠ ਏਕੜ ਵਿੱਚ ਮਿਆਰੀ ਸਰਕਾਰੀ ਐਲੀਮੈਂਟਰੀ ਸਕੂਲ ਅਤੇ ਆਧੁਨਿਕ ਸਟੇਡੀਅਮ ਤਿਆਰ ਕਰਵਾਉਣਾ, ਪਿੰਡ ਦੇ ਸ਼ਾਮਲਾਟੀ ਸਾਂਝੇ ਰਕਬੇ ਵਿੱਚ ਸੁੰਦਰ ਪਾਰਕ ਬਣਾਉਣਾ, ਹਜ਼ਾਰਾਂ ਦੀ ਗਿਣਤੀ ਵਿੱਚ ਦਰੱਖਤ ਲਗਾਉਣਾ, ਪਿੰਡ ਨੂੰ ਤਿੰਨ ਪਾਸਿਉਂ ਘੇਰਦੇ ਬਰਸਾਤੀ ਚੋਅ ਉੱਤੇ ਪੁਲ ਦੀ ਉਸਾਰੀ ਕਰਵਾਉਣ ਸਮੇਤ ਇਕ ਕਾਜ ਵੇ ਬਣਾਉਣਾ, ਸ਼ਹੀਦੇ ਆਜ਼ਮ ਸਰਦਾਰ ਭਗਤ ਸਿੰਘ ਦੇ ਚਾਨਣ ਬਿਖੇਰਦੇ ਬੁੱਤ ਦੀ ਸਥਾਪਨਾ ਕਰਵਾਉਣਾ, ਸ਼ਹੀਦ ਦਰਸ਼ਨ ਸਿੰਘ ਕੈਨੇਡੀਅਨ ਨੂੰ ਸਮਰਪਿਤ ਪਾਰਕ ਅਤੇ ਪਿੰਡ ਭਾਰਟਾ ਤੋਂ ਗੜ੍ਹਸ਼ੰਕਰ- ਹੁਸ਼ਿਆਰਪੁਰ ਲਿੰਕ ਰੋਡ ਦੀ ਉਸਾਰੀ ਕਰਵਾ ਕੇ ਆਪਣੇ ਕਾਰਜਕਾਲ ਨੂੰ ਲੰਗੇਰੀ ਪਿੰਡ ਦੇ ਇਤਿਹਾਸ ਨੂੰ ਸੁਨਹਿਰੀ ਪੰਨਿਆਂ 'ਤੇ ਦਰਜ ਕਰਵਾਇਆ। ਆਪਣੇ ਕਾਰਜਕਾਲ ਵਿਚ ਹੀ ਉਨ੍ਹਾਂ ਵੱਲੋਂ ਸਦੀਆਂ ਤੋਂ ਵੱਖ-ਵੱਖ ਚੱਲੇ ਆ ਰਹੇ ਦਲਿਤ ਅਤੇ ਉੱਚ ਵਰਗ ਦੇ ਸ਼ਮਸ਼ਾਨਘਾਟ ਨੂੰ ਇੱਕ ਕਰਕੇ ਜਾਤੀ ਨਫਰਤ ਦਾ ਫਸਤਾ ਵੀ ਵੱਢਿਆ।

ਇੱਕ ਦੇਸ਼ ਭਗਤ ਪਰਵਾਰ ਵਿੱਚੋਂ ਹੋਣ ਕਰਕੇ ਉਹ ਹਮੇਸ਼ਾ ਹੀ ਖੱਬੀ ਵਿਚਾਰਧਾਰਾ ਦੇ ਹਮਦਰਦ ਅਤੇ ਸਹਾਇਕ ਦੇ ਤੌਰ 'ਤੇ ਵਿਚਰਦੇ ਰਹੇ। 8 ਅਗਸਤ 2020 ਨੂੰ ਸਮਾਜ ਦਾ ਕਦੇ ਨਾ ਪੂਰਿਆ ਜਾਣ ਵਾਲਾ ਖੱਪਾ ਛੱਡ ਉਹ ਸਾਨੂੰ ਸਭ ਨੂੰ ਸਦਾ-ਸਦਾ ਲਈ ਅਲਵਿਦਾ ਕਹਿ ਗਏ। ਉਨ੍ਹਾ ਦੇ ਤੁਰ ਜਾਣ ਨਾਲ ਇਲਾਕਾ ਮਾਹਿਲਪੁਰ ਦੀ ਪ੍ਰਗਤੀਸ਼ੀਲ, ਦੇਸ਼ ਭਗਤ, ਤਰਕਸ਼ੀਲ ਅਤੇ ਜਮਹੂਰੀ ਇਨਕਲਾਬੀ ਲਹਿਰ ਨੂੰ ਇੱਕ ਵੱਡਾ ਘਾਟਾ ਪਿਆ।

ਉਨ੍ਹਾ ਦੀ ਜੀਵਨ ਸ਼ੈਲੀ, ਸੰਘਰਸ ਅਤੇ ਵਿਕਾਸ ਮੂਹਰੇ ਨਤਮਸਤਕ ਹੁੰਦਿਆਂ ਅਖੀਰ ਵਿੱਚ ਮੈਂ ਕਹਾਂਗਾ ਕਿ ਅੱਜ ਮਨਜੀਤ ਲਾਲੀ ਨੂੰ ਪਿਆਰ ਅਤੇ ਸਤਿਕਾਰ ਕਰਨ ਵਾਲੇ ਲੋਕਾਂ ਦਾ ਫ਼ਰਜ਼ ਬਣਦਾ ਹੈ ਕਿ ਉਨ੍ਹਾ ਵੱਲੋਂ ਆਪਣੇ ਕਾਰਜ ਕਾਲ ਦੌਰਾਨ ਕੀਤੇ ਗਏ ਕੰਮਾਂ ਦੀ ਸੰਭਾਲ ਕਰੀਏ ਉਨ੍ਹਾਂ ਦੀ ਯਾਦ ਵਿੱਚ ਇੱਕ ਢੁੱਕਵੀਂ ਯਾਦਗਾਰ ਦੀ ਸਥਾਪਨਾ ਕਰਕੇ ਸਾਲਾਨਾ ਮਨਜੀਤ ਯਾਦਗਾਰੀ ਸਮਾਗਮ ਸ਼ੁਰੂ ਕਰੀਏ, ਤਾਂ ਜੋ ਮਨਜੀਤ ਲਾਲੀ ਦੀ ਯਾਦ ਸਾਡੇ ਚੇਤਿਆਂ ਵਿੱਚ ਸਦੀਵੀ ਬਣ ਸਕੇ।

 # ਸੰਪਰਕ: 94632-60181

'ਤਾਬੂਤ' 'ਚ ਬੰਦ ਭਵਿੱਖ !

ਛੋਟੇ ਹੁੰਦਿਆਂ 'ਤਾਬੂਤ' ਫਿਲਮਾਂ ਵਿੱਚ ਹੀ ਵੇਖਦੇ ਸੀ, ਖਾਸ ਕਰਕੇ ਡਰਾਉਣੀਆਂ ਫਿਲਮਾਂ ਵਿੱਚ। ਇਸ ਕਰਕੇ ਤਾਬੂਤ ਤੋਂ ਬਹੁਤ ਡਰ ਆਉਂਦਾ ਸੀ। ਫਿਰ ਪਤਾ ਲੱਗਾ ਕਿ ਸ਼ਹੀਦ ਫੌਜੀ ਜਵਾਨਾਂ ਦੀਆਂ ਲਾਸਾਂ ਇਹਨਾਂ ਵਿੱਚ ਹੀ ਆਉਂਦੀਆਂ। ਅਚਾਨਕ ਪਰਵਾਰ ਵਿੱਚ ਵਾਪਰੀ ਇੱਕ ਘਟਨਾ ਨੇ ਤਾਬੂਤ ਦਾ ਅਸਲੀ ਰੂਪ ਨੇੜਿਓਂ ਵਿਖਾ ਦਿੱਤਾ। ਹੋਇਆ ਇੰਝ ਕਿ ਮੇਰੀ ਸਭ ਤੋਂ ਛੋਟੀ ਨਣਦ ਦਾ ਪਤੀ ਜ਼ਮੀਨ ਘੱਟ ਹੋਣ ਤੇ ਇਥੇ ਕੋਈ ਕੰਮ ਨਾ ਮਿਲਣ ਕਾਰਨ ਵਿਦੇਸ਼ ਜਾਣ ਲਈ ਹੱਥ-ਪੈਰ ਮਾਰਨ ਲੱਗਾ। ਇੱਕ-ਦੋ ਵਾਰ ਗਲਤ ਤਰੀਕੇ ਨਾਲ ਪਹੁੰਚ ਵੀ ਗਿਆ, ਪਰ ਅਗਲਿਆਂ ਜੇਲ੍ਹ ਦੀ ਰੋਟੀ ਖਵਾ ਕੇ ਵਾਪਸ ਭੇਜ ਦਿੱਤਾ। ਫਿਰ ਵੀ ਉਸ ਨੇ ਹੱਠ ਨਾ ਛੱਡਿਆ ਤੇ ਅਖੀਰ 'ਗਰੀਸ' ਪਹੁੰਚ ਗਿਆ। ਵਧੀਆ ਕੰਮ ਮਿਲ ਗਿਆ, ਖੁਸ਼ ਸੀ ਕਿ ਆਖਰ ਟਿਕਾਣੇ ਲੱਗ ਗਿਆ। ਆਪਣੀ ਪਤਨੀ ਤੇ ਛੋਟੇ ਜਿਹੇ ਬੇਟੇ ਨੂੰ ਬਾਹਰ ਬੁਲਾਉਣ ਦੀ ਤਿਆਰੀ ਕਰਨ ਲੱਗਾ, ਪਰ ਇੱਕ ਦਿਨ ਅਚਾਨਕ ਸਾਨੂੰ ਖਬਰ ਮਿਲੀ ਕਿ ਇੱਕ ਐਕਸੀਡੈਂਟ ਵਿੱਚ ਉਸ ਦੀ ਮੌਤ ਹੋ ਗਈ ਹੈ। ਸੁਣ ਕੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ ਕਿ ਇਹ ਕੀ ਵਾਪਰ ਗਿਆ। ਉਹਨਾਂ ਦੇ ਪਿੰਡ ਪਹੁੰਚ ਕੇ ਸਾਰੀ ਘਟਨਾ ਬਾਰੇ ਪਤਾ ਲੱਗਾ ਕਿ ਉਹ ਗਰੀਸ ਦੀ ਇੱਕ ਬੇਸਮੈਂਟ ਵਿੱਚ ਦੋਸਤ ਨਾਲ ਰਹਿੰਦਾ ਸੀ। ਇੱਕ ਰਾਤ ਠੰਢ ਹੋਣ ਕਾਰਨ ਬਾਹਰ ਰੋਟੀ, ਸਬਜ਼ੀ ਲਈ ਬਾਲੀ ਭੱਠੀ ਨਿੱਘ

8-AUG-PAGE-5.qxd 8/7/2024 10:55 PM Page 1

ਲਾਰਿਆਂ ਦੀ ਪੰਡ ਫੂਕ ਕੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਰੋਸ ਪ੍ਰਗਟਾਇਆ

ਜਲਾਲਾਬਾਦ (ਜੀਤ ਕੁਮਾਰ)

ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਜਲਾਲਾਬਾਦ ਵੱਲੋਂ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਦੀ ਡੰਗ ਟਪਾਊ ਨੀਤੀ ਦੀ ਤਿੱਖੇ ਸ਼ਬਦਾਂ ਵਿੱਚ ਨਿਖੇਧੀ ਕਰਦਿਆਂ ਆਖਿਆ ਕਿ ਮੁੱਖ ਮੰਤਰੀ ਵੱਲੋਂ ਲਗਾਤਾਰ ਮੀਟਿੰਗ ਕਰਨ ਦਾ ਸਮਾਂ ਦੇਣ ਉਪਰੰਤ ਮੁਲਤਵੀ ਕਰਕੇ ਪੰਜਾਬ ਦੇ 7 ਲੱਖ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨਾਲ ਵੱਡਾ ਧੋਖਾ ਕੀਤਾ ਹੈ, ਜਿਸ ਕਰਕੇ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਅੰਦਰ ਵਿਆਪਕ ਰੋਸ ਹੈ। ਸਾਂਝੇ ਫਰੰਟ ਪੰਜਾਬ ਦੇ ਸੱਦੇ ਤੇ ਸ਼ਹੀਦ ਊਧਮ ਸਿੰਘ ਚੌਕ ਜਲਾਲਾਬਾਦ ਵਿਖੇ ਇਕੱਠੇ ਹੋ ਕੇ ਮੁੱਖ ਮੰਤਰੀ ਦੇ ਲਾਰਿਆਂ ਦੀ ਪੰਡ ਦਾ ਪੁਤਲਾ ਸਾੜ ਕੇ ਰੋਸ ਪ੍ਰਦਰਸ਼ਨ ਕੀਤਾ ਗਿਆ। ਸਾਂਝਾ ਫਰੰਟ ਦੇ ਆਗੂਆਂ ਸੁਰਿੰਦਰ ਕੰਬੋਜ, ਦੇਸ ਰਾਜ ਗਾਂਧੀ, ਸਰੋਜ ਛੱਪੜੀ ਵਾਲਾ, ਨੱਥਾ ਸਿੰਘ, ਕਪਿਲ ਕਪੂਰ, ਰਾਜ ਕੁਮਾਰ ਡੂਮੜਾ ਨੇ ਦੱਸਿਆ ਕਿ ਜਲੰਧਰ ਜ਼ਿਮਨੀ ਚੋਣ ਮੌਕੇ ਐਕਸ਼ਨ ਨੂੰ ਮੁੱਖ ਰੱਖਦਿਆਂ 1 ਜੁਲਾਈ ਨੂੰ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਕਵਾਨਾ ਕਲੱਬ ਫਗਵਾੜਾ ਵਿਖੇ ਸਾਂਝਾ ਫਰੰਟ ਦੇ ਆਗੂਆਂ ਨਾਲ ਮੀਟਿੰਗ ਕੀਤੀ ਗਈ। ਜਿਸ ਵਿਚ ਫਰੰਟ ਦੇ ਆਗੂਆਂ ਤੋਂ ਇਲਾਵਾ ਦੋ ਕੈਬਨਿਟ ਮੰਤਰੀ, ਮੁੱਖ ਸਕੱਤਰ ਅਤੇ ਹੋਰ ਅਧਿਕਾਰੀ ਮੌਕੇ 'ਤੇ ਮੌਜੂਦ ਸਨ। ਇਸ ਮੌਕੇ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ 'ਤੇ ਚਰਚਾ ਕਰਦਿਆਂ ਮੁੱਖ ਮੰਤਰੀ ਵੱਲੋਂ ਇਹ ਆਖਿਆ ਗਿਆ ਕਿ ਹੁਣ ਚੋਣ ਜ਼ਾਬਤਾ ਲੱਗਿਆ ਹੋਇਆ ਹੈ, ਇਸ ਕਰਕੇ ਹੁਣ ਕਿਸੇ ਵੀ ਮੰਗ 'ਤੇ ਐਲਾਨ ਨਹੀਂ ਕੀਤਾ ਜਾ ਸਕਦਾ, ਇਸ ਲਈ ਸਾਂਝਾ ਫਰੰਟ ਨਾਲ ਦੁਬਾਰਾ 25 ਜੁਲਾਈ ਨੂੰ ਠੀਕ 12 ਵਜੇ ਪੰਜਾਬ ਭਵਨ ਚੰਡੀਗੜ੍ਹ ਵਿਖੇ ਪੈਨਲ ਮੀਟਿੰਗ ਹੋਵੇਗੀ। ਫਰੰਟ ਦੇ ਆਗੂਆਂ ਨੇ ਆਖਿਆ ਕਿ ਹੁਣ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਮੁੱਖ ਮੰਤਰੀ ਪੰਜਾਬ ਵੱਲੋਂ 25 ਜੁਲਾਈ ਅਤੇ 2 ਅਗਸਤ ਦੀ ਮੀਟਿੰਗ ਮੁਲਤਵੀ ਕਰ ਦਿੱਤੀ ਗਈ ਅਤੇ ਹੁਣ ਇਹ ਮੀਟਿੰਗ 22 ਅਗਸਤ 'ਤੇ ਪਾ ਦਿੱਤੀ ਗਈ ਹੈ। ਇਸ ਤੋਂ ਇਹ ਜਾਪਦਾ ਹੈ ਕਿ ਸਰਕਾਰ ਲਗਾਤਾਰ ਡੰਗ ਟਪਾਊ ਦੀ ਨੀਤੀ ਤੇ ਚਲਦੀ ਹੋਈ ਚੋਣ ਜ਼ਾਬਤੇ ਦੀ ਉਡੀਕ ਵਿੱਚ ਹੀ ਹੈ ਅਤੇ ਇਥੋਂ ਇਹ ਵੀ ਜਾਪਦਾ ਹੈ ਕਿ ਸਰਕਾਰ ਪਾਸ ਸਾਡੀਆਂ ਮੰਗਾਂ ਪ੍ਰਤੀ ਸਾਡੀਆਂ ਦਲੀਲਾਂ ਦਾ ਕੋਈ ਜਵਾਬ ਨਹੀਂ ਹੈ ਜਿਸ ਕਰਕੇ ਸਰਕਾਰ ਮੀਟਿੰਗਾਂ ਤੋਂ ਭੱਜਦੀ ਹੈ। ਇਸ ਲਈ ਸਾਂਝਾ ਫਰੰਟ ਦੇ ਕੀਤੇ ਐਲਾਨ ਮੁਤਾਬਿਕ ਮੁੱਖ ਮੰਤਰੀ ਦੀ ਇਸ ਨੀਅਤ ਦੇ ਖਿਲਾਫ ਪੰਜਾਬ ਸਰਕਾਰ ਦੇ ਲਾਰਿਆਂ ਦੀਆਂ ਪੰਡਾਂ ਫੂਕ ਕੇ ਰੋਸ ਮੁਜ਼ਾਹਰਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਾਂਝਾ ਫਰੰਟ ਵੱਲੋਂ 10 ਅਗਸਤ ਨੂੰ ਪੈਨਸ਼ਨਰ ਇਨਫੋਰਮੇਸ਼ਨ ਸੈਂਟਰ (ਪੈਨਸ਼ਨ ਭਵਨ) ਲੁਧਿਆਣਾ ਵਿਖੇ ਮੀਟਿੰਗ ਕਰਕੇ ਅਗਲੇ ਸੰਘਰਸ਼ਾਂ ਦਾ ਐਲਾਨ ਕੀਤਾ ਜਾਵੇਗਾ। ਸਾਂਝਾ ਫਰੰਟ ਦੇ ਆਗੂਆਂ ਨੇ ਆਖਿਆ ਕਿ ਪੰਜਾਬ ਦੇ ਮੁਲਾਜ਼ਮਾਂ/ਪੈਨਸ਼ਨਰਾਂ ਦੀਆਂ ਚਿਰਾਂ ਤੋਂ ਲਟਕਦੀਆਂ ਮੰਗਾਂ ਪ੍ਰਤੀ ਪੰਜਾਬ ਸਰਕਾਰ ਬਿਲਕੁਲ ਵੀ ਗੰਭੀਰ ਨਹੀਂ। ਇਹ ਪਹਿਲੀ ਵਾਰ ਹੈ ਕਿ ਇਸ ਸਰਕਾਰ ਵਲੋਂ ਜੋ ਕਾਨੂੰਨ ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਲਈ ਬਣਾਇਆ ਗਿਆ ਹੈ ਉਹ ਅੱਤ ਦਾ ਘਾਤਕ ਹੈ ਕਿਉਂਕਿ ਇਸ ਪਾਲਸੀ ਰਾਹੀਂ ਪੱਕੇ ਹੋਣ ਵਾਲੇ ਮੁਲਾਜ਼ਮ ਦੀਆਂ ਤਨਖਾਹਾਂ ਵਿੱਚ ਹੀ ਮਾਮੂਲੀ ਵਾਧਾ ਹੋਵੇਗਾ। ਇਨ੍ਹਾਂ ਨੂੰ ਹੋਰ ਕੋਈ ਰਾਹਤ ਨਹੀਂ ਮਿਲੇਗੀ। ਆਊਟਸੋਰਸ, ਇਨਲਿਸਟਮੈਂਟ ਅਤੇ ਕੋਂਦਰੀ ਸਕੀਮਾਂ ਤਹਿਤ ਕੰਮ ਕਰਦੇ ਮੁਲਾਜ਼ਮਾਂ ਨੂੰ ਬਾਹਰ ਰੱਖ ਦਿੱਤਾ ਹੈ, ਮਿਡ ਡੇ ਮੀਲ ਕੁੱਕ ਵਰਕਰਾਂ, ਆਸ਼ਾ ਵਰਕਰਾਂ ਅਤੇ ਆਂਗਣਵਾੜੀ ਵਰਕਰਾਂ/ਹੈਲਪਰਾਂ ਦੇ ਭੱਤੇ ਦੁੱਗਣੇ ਕਰਨ ਤੋਂ ਸਰਕਾਰ ਆਪਣੇ ਵਾਅਦੇ ਤੋਂ ਭੱਜ ਗਈ ਹੈ, ਪੁਰਾਣੀ ਪੈਨਸ਼ਨ ਬਹਾਲ ਕਰਨ ਦੀ ਬਜਾਏ ਉਸ ਨੂੰ ਕੇਂਦਰ ਸਰਕਾਰ ਨਾਲ ਜਬਰੀ ਬੰਨ੍ਹਿਆ ਜਾ ਰਿਹਾ ਹੈ। ਇਸ ਤਰ੍ਹਾਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਅਤੇ ਵੱਖ ਵੱਖ ਵਿਭਾਗਾਂ 'ਚ ਸੇਵਾਵਾਂ ਦੇ ਰਹੇ ਹਰ ਤਰ੍ਹਾਂ ਦੇ ਠੇਕਾ ਮੁਲਾਜ਼ਮਾਂ ਦੀਆਂ ਮੰਗਾਂ ਜਿਉ ਦੀਆਂ ਤਿਉ ਪੈਂਡਿੰਗ ਪਈਆਂ ਹਨ। ਇਸ ਮੌਕੇ ਰਾਜ ਕੁਮਾਰ, ਨੱਥਾ ਸਿੰਘ, ਅਸ਼ੋਕ ਸਰਾਰੀ, ਅਮਰਜੀਤ ਸਿੰਘ, ਓਮ ਪ੍ਰਕਾਸ਼, ਹਰਭਜਨ ਲਾਲ, ਸੁਰਜੀਤ ਚੰਦ, ਦਲੀਪ ਸਿੰਘ ਸੈਣੀ, ਪ੍ਰਕਾਸ਼ ਦੋਸ਼ੀ, ਸੁਭਾਸ਼ ਮਦਾਨ, ਸੁਖਜੀਤ ਸਿੰਘ ਆਈ ਟੀ ਆਈ, ਅਸ਼ਵਨੀ ਕੁਮਾਰ, ਸਮੇਤ ਵੱਡੀ ਗਿਣਤੀ ਵਿੱਚ ਮੁਲਾਜ਼ਮ /ਪੈਨਸ਼ਨਰ ਹਾਜ਼ਰ ਸਨ।

ਹਮੀਦੀ 'ਚ ਗ੍ਰਿਫ਼ਤਾਰ ਕੀਤੇ ਸੁਸਾਇਟੀ ਪ੍ਰਧਾਨ, ਦੋ ਮੈਂਬਰਾਂ ਦੇ ਹੱਕ 'ਚ ਨਿਤਰੇ ਪਿੰਡ ਵਾਸੀ

■ ਡਾਇਰੈਕਟਰ ਪਾਸੋਂ ਨਿਰਪੱਖ ਜਾਂਚ ਦੀ ਮੰਗ

ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)-ਪਿੰਡ ਹਮੀਦੀ (ਬਰਨਾਲਾ) ਵਿਖੇ ਵਿਜੀਲੈਂਸ ਟੀਮ ਵੱਲੋਂ ਖੇਤੀਬਾੜੀ ਸਹਿਕਾਰੀ ਸਭਾ ਹਮੀਦੀ ਦੇ ਪ੍ਰਧਾਨ ਅਤੇ ਦੋ ਮੈਂਬਰਾਂ ਨੂੰ ਸਭਾ ਦੇ ਸੈਕਟਰੀ ਖ਼ਿਲਾਫ਼ ਪਹਿਲਾਂ ਦਰਜ ਮੁਕੱਦਮੇ ਵਿੱਚ ਨਾਮਜ਼ਦ ਕਰਕੇ ਗ੍ਰਿਫ਼ਤਾਰ ਕੀਤੇ ਜਾਣ ਦੇ ਵਿਰੋਧ ਵਿੱਚ ਅੱਜ ਸਹਿਕਾਰੀ ਸਭਾ ਪਿੰਡ ਹਮੀਦੀ ਵਿਖੇ ਇਕੱਠੇ ਹੋਏ ਪਿੰਡ ਵਾਸੀਆਂ ਨੇ ਸੂਬਾ ਸਰਕਾਰ ਅਤੇ ਵਿਜੀਲੈਂਸ ਖਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕਰਦਿਆਂ ਵਿਭਾਗ ਦੇ ਡਾਇਰੈਕਟਰ ਪਾਸੋਂ ਨਿਰਪੱਖ ਜਾਂਚ ਦੀ ਮੰਗ ਕੀਤੀ।ਸਾਬਕਾ ਸਰਪੰਚ ਜਥੇਦਾਰ ਨਾਥ ਸਿੰਘ ਹਮੀਦੀ, ਦਰਸ਼ਨ ਸਿੰਘ ਰਾਣੂ, ਕਿਸਾਨ ਆਗੂਆਂ ਪੰਡਤ ਗੋਪਾਲ ਸ਼ਰਮਾ, ਜਗਰਾਜ ਸਿੰਘ ਰਾਣੂ, ਹਰਪਾਲ ਸਿੰਘ ਪਾਲੀ, ਕੁਲਦੀਪ ਸਿੰਘ, ਕਲੱਬ ਪ੍ਰਧਾਨ ਹਰਪ੍ਰੀਤ ਸਿੰਘ ਹੈਪੀ, ਓਮਨਦੀਪ ਸਿੰਘ ਨੇ ਕਿਹਾ ਕਿ ਦੀ ਹਮੀਦੀ ਬਹੁਮੰਤਵੀ ਖੇਤੀਬਾੜੀ ਸਹਿਕਾਰੀ ਸਭਾ ਲਿਮਟਿਡ ਦੇ ਸਕੱਤਰ ਖ਼ਿਲਾਫ਼ 1 ਜੂਨ 2021 ਨੂੰ ਦਰਜ ਹੋਏ ਕੇਸ ਵਿੱਚ ਸੁਸਾਇਟੀ ਦੇ ਪ੍ਰਧਾਨ ਪ੍ਰਧਾਨ ਦਰਸ਼ਨ ਸਿੰਘ, ਦੋ ਮੈਂਬਰਾਂ ਕੇਵਲ ਸਿੰਘ ਤੇ ਸੁਰਜੀਤ ਸਿੰਘ ਪਿੰਡ ਹਮੀਦੀ ਨੂੰ ਵਿਜੀਲੈਂਸ ਨੇ ਗ੍ਰਿਫ਼ਤਾਰ ਕੀਤਾ ਹੈ। ਆਗੂਆਂ ਨੇ ਸਪੱਸ਼ਟ ਕਿਹਾ ਕਿ ਉਨ੍ਹਾਂ 'ਤੇ ਪਾਇਆ ਗਿਆ ਕੇਸ ਬਿਲਕੁੱਲ ਝੂਠਾ ਹੈ।ਕਿਉਂਕਿ ਉਹ ਪਿਛਲੇ ਲੰਮੇ ਸਮੇਂ ਤੋਂ ਇਮਾਨਦਾਰੀ ਨਾਲ ਸੁਸਾਇਟੀ ਦਾ ਕੰਮ ਕਰਦੇ ਆ ਰਹੇ ਹਨ। ਉਨ੍ਹਾਂ ਦੀ ਮਿਹਨਤ ਸਦਕਾ ਹੀ ਕਿਸਾਨਾਂ ਦੀ ਸਹੂਲਤ ਲਈ ਹਰ ਤਰ੍ਹਾਂ ਦੀ ਮਸ਼ੀਨਰੀ ਉਪਲਬਧ ਕਰਵਾਈ ਗਈ। ਆਗੂਆਂ ਨੇ ਵਿਜੀਲੈਂਸ ਵਿਭਾਗ ਵੱਲੋਂ ਕੀਤੀ ਕਾਰਵਾਈ ਦੀ ਨਿਖੇਧੀ ਕਰਦਿਆਂ ਇਸ ਮਾਮਲੇ ਦੀ ਸਬੰਧਤ ਉਚ ਅਧਿਕਾਰੀਆਂ ਪਾਸੋਂ ਉਚ ਪੱਧਰੀ ਨਿਰਪੱਖ ਜਾਂਚ ਦੀ ਮੰਗ ਕੀਤੀ।ਉਨ੍ਹਾਂ ਕਿਹਾ ਕਿ ਇਸ ਮਾਮਲੇ ਵਿੱਚ ਦੋਸ਼ੀ ਸੈਕਟਰੀ ਨੂੰ ਸਿਆਸੀ ਦਬਾਅ ਨਾਲ ਬਚਾਇਆ ਜਾ ਰਿਹਾ ਹੈ। ਜਦੋਂ ਕਿ ਜਿਹੜੇ ਇਸ ਕੇਸ ਦੀ ਪੈਰਵਾਈ ਕਰ ਰਹੇ ਹਨ, ਉਨ੍ਹਾਂ ਨੂੰ ਹੀ ਫਸਾਇਆ ਜਾ ਰਿਹਾ ਹੈ।ਆਗੂਆਂ ਨੇ ਚੇਤਾਵਨੀ ਸੁਰ 'ਚ ਕਿਹਾ ਕਿ ਜੇਕਰ ਇਨ੍ਹਾਂ ਤਿੰਨਾਂ ਵਿਅਕਤੀਆਂ ਨੂੰ ਤੁਰੰਤ ਰਿਹਾਅ ਨਾ ਕੀਤਾ ਤਾਂ ਸਰਕਾਰ ਦੀ ਇਸ ਧੱਕੇਸ਼ਾਹੀ ਖਿਲਾਫ਼ ਪੱਕਾ ਮੋਰਚਾ ਲਗਾਇਆ ਜਾਵੇਗਾ।ਉਨ੍ਹਾਂ ਪੰਜਾਬ ਸਰਕਾਰ ਅਤੇ ਸਹਿਕਾਰੀ ਸਭਾ ਦੇ ਡਾਇਰੈਕਟਰ ਪਾਸੋਂ ਮੰਗ ਕੀਤੀ ਕਿ ਇਸ ਮਾਮਲੇ ਦੀ ਨਿਰਪੱਖ ਜਾਂਚ ਕਰਵਾ ਕੇ ਤਿੰਨਾਂ 'ਤੇ ਦਰਜ ਮੁਕੱਦਮੇ ਰੱਦ ਕੀਤੇ ਜਾਣ।ਇਸ ਮੌਕੇ ਕਿਸਾਨ ਆਗੂ ਜਗਤਾਰ ਸਿੰਘ, ਹਰਦੀਪ ਸਿੰਘ ਬੱਗਾ, ਰੇਸ਼ਮ ਸਿੰਘ, ਬੂਟਾ ਸਿੰਘ ਪਾਲ, ਰਾਮ ਸਿੰਘ, ਪੰਚ ਅਮਰ ਸਿੰਘ, ਜਗਦੀਸ਼ ਸਿੰਘ ਦੀਸਾ, ਜਗਰਾਜ ਸਿੰਘ ਧਿੰਦ, ਜਗਸੀਰ ਸਿੰਘ ਚੀਮਾ, ਗੁਰਜੰਟ ਸਿੰਘ, ਅਮਰਜੀਤ ਸਿੰਘ ਦਿਉਲ, ਅਮਰੀਕ ਸਿੰਘ ਸੋਹੀ, ਆਦਿ ਆਗੂਆਂ ਤੋਂ ਇਲਾਵਾ ਵੱਡੀ ਗਿਣਤੀ 'ਚ ਲੋਕ ਹਾਜ਼ਰ ਸਨ।

15 ਅਗਸਤ ਦੇ ਮੱਦੇਨਜ਼ਰ ਕੀਤੀ ਚੈਕਿੰਗ

ਬੁਢਲਾਡਾ (ਅਸ਼ੋਕ ਲਾਕੜਾ)-ਜ਼ਿਲ੍ਹਾ ਦੇ ਐਸ.ਐਸ.ਪੀ ਭਗੀਰਥ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਬੁਢਲਾਡਾ ਦੇ ਡੀ.ਐਸ.ਪੀ ਮਨਜੀਤ ਸਿੰਘ ਔਲਖ ਦੀ ਅਗਵਾਈ ਹੇਠ ਰੇਲਵੇ ਸਟੇਸ਼ਨ, ਬੱਸ ਸਟੈਂਡ ਤੇ ਭੀੜ ਵਾਲੇ ਇਲਾਕੇ 'ਚ ਚੈਕਿੰਗ ਕੀਤੀ ਗਈ। ਇਸ ਮੌਕੇ ਡੀ.ਐਸ.ਪੀ ਮਨਜੀਤ ਸਿੰਘ ਔਲਖ ਨੇ ਕਿਹਾ ਕਿ 15 ਅਗਸਤ ਦੇ ਸੰਬੰਧ ਵਿੱਚ ਸਾਡੀਆਂ ਚੈਕਿੰਗਾਂ ਚੱਲ ਰਹੀਆਂ ਹਨ। ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਕੋਈ ਵੀ ਅਣਜਾਣ ਬੰਦੇ, ਸ਼ਹਿਰ ਦੇ ਢਾਬੇ, ਰੈਸਟੋਰੈਂਟ ਮਾਲਕਾਂ ਨੂੰ ਠਹਿਰਨ ਵਾਲੇ ਵਿਅਕਤੀਆਂ ਦੀ ਇਤਲਾਹ ਪੁਲਸ ਨੂੰ ਦਿੱਤੀ ਜਾਵੇ।

Capital Small Finance Bank

ਕੈਪੀਟਲ ਸਮਾਲ ਫਾਈਨਾਂਸ ਬੈਂਕ ਲਿਮਿਟਿਡ

CIN: L65110PB1999PLC022634 ਰਜਿਸਟਰਡ ਦਫਤਰ: ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਿਲ, 37, ਜੀ.ਟੀ ਰੋਡ, ਜਲੰਧਰ -144001, ਪੰਜਾਬ ਭਾਰਤ **Ph.: +91 - 181 - 5051111, 5052222; FAX: +91 - 181 - 5053333 E-mail: cs@capitalbank.co.in www.capitalbank.co.in**

25ਵੀਂ ਸਾਲਾਨਾ ਜਨਰਲ ਮੀਟਿੰਗ ਦਾ ਨੋਟਿਸ - ਈ-ਵੋਟਿੰਗ ਬਾਰੇ ਸੂਚਨਾ

ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ (ਬੈਂਕ) ਦੇ ਮੈਂਬਰਾਂ ਦੀ 25ਵੀਂ ਸਾਲਾਨਾ ਜਨਰਲ ਮੀਟਿੰਗ 'ਏ ਜੀ ਐੱਮ' 30 ਅਗਸਤ 2024, ਦਿਨ ਸ਼ੁੱਕਰਵਾਰ ਨੂੰ ਸਵੇਰੇ 11.00 ਵਜੇ (ਭਾਰਤੀ ਸਮੇਂ ਅਨੁਸਾਰ) ਵੀਡੀਓ ਕਾਨਫਰੰਸ ਰਾਹੀਂ ('ਵੀ ਸੀ')/ਹੋਰ ਆਡੀਓ ਵਿਜ਼ੂਅਲ ਢੰਗ ('ਓ ਏ ਵੀ ਐੱਮ') ਰਾਹੀਂ ਕਿਸੇ ਸਾਂਝੇ ਸਥਾਨ 'ਤੇ ਬਿਨਾਂ ਮੈਂਬਰਾਂ ਦੀ ਭੌਤਿਕ ਮੌਜੂਦਗੀ ਦੇ 25ਵੀਂ ਏ ਜੀ ਐੱਮ ਨੋਟਿਸ ਵਿੱਚ ਨਿਰਧਾਰਤ ਕੀਤੇ ਕਾਰੋਬਾਰ ਦੇ ਨਿਪਟਾਰੇ ਲਈ ਕੰਪਨੀਜ਼ ਐਕਟ, 2013 ਦੀਆਂ ਵਿਵਸਥਾਵਾਂ ਅਤੇ ਉਨ੍ਹਾਂ ਅਧੀਨ ਬਣੇ ਨਿਯਮਾਂ ਦੀ ਪਾਲਣਾ 'ਚ ਜਨਰਲ ਸਰਕੂਲਰ ਨੰ. 14/2020, ਮਿਤੀ 08 ਅਪ੍ਰੈਲ 2020, 17/2020 ਮਿਤੀ 13 ਅਪ੍ਰੈਲ 2020, 20/2020 ਮਿਤੀ 05 ਮਈ 2020, 02/2021 ਮਿਤੀ 13 ਜਨਵਰੀ 2021, 19/2021 ਮਿਤੀ 08 ਦਸੰਬਰ 2021, 21/2021 ਮਿਤੀ 14 ਦਸੰਬਰ 2021, 02/2022 ਮਿਤੀ 05 ਮਈ 2022, 10/2022 ਮਿਤੀ 08 ਦਸੰਬਰ 2022 ਅਤੇ 09/2023 ਮਿਤੀ 25 ਸਤੰਬਰ 2023 ਕਾਰਪੋਰੇਟ ਮਾਮਲਾ ਭਾਰਤ ਸਰਕਾਰ ਵੱਲੋਂ ਜਾਰੀ (ਸਾਂਝੇ ਤੌਰ 'ਤੇ 'ਐੱਮ ਸੀ ਏ ਸਰਕੂਲਰਜ਼' ਵਜੋਂ ਹਵਾਲਾ) ਅਤੇ ਮਾਸਟਰ ਸਰਕੂਲਰ ਨੰ. ਐੱਸ ਈ ਬੀ ਆਈ/ਐੱਚ ਓ/ ਸੀ ਐੱਫ ਡੀ/ ਪੀ ਓ ਡੀ 2/ ਸੀ ਆਈ ਆਰ/ ਪੀ/2023/120 ਮਿਤੀ 11 ਜੁਲਾਈ 2023, ਸਰਕੁਲਰ ਨੰ. ਐੱਸ ਈ ਬੀ ਆਈ/ਐੱਚ ਓ/ ਡੀ ਡੀ ਐੱਚ ਐੱਸ/ਪੀ/ਸੀ ਆਈ ਆਰ/2023/0164 ਮਿਤੀ 06 ਅਕਤੂਬਰ 2023 ਅਤੇ ਸਰਕੁਲਰ ਨੰ. ਐੱਸ ਈ ਬੀ ਆਈ/ਐੱਚ ਓ/ਸੀ ਐੱਫ ਡੀ/ਸੀ ਐੱਫ ਡੀ-ਪੀ ਓ ਡੀ-2/ਪੀ/ਸੀ ਆਈ ਆਰ/2023/167 ਮਿਤੀ 07 ਅਕਤੂਬਰ 2023, ਸਕਿਉਰਟੀਜ ਐਂਡ ਐਕਸਚੇਂਜ ਬੋਰਡ ਆਫ਼ ਇੰਡੀਆ ਵੱਲੋਂ ਜਾਰੀ ਸਰਕੂਲਰਜ਼ ('ਸੇਬੀ ਸਰਕੂਲਰਜ਼') ਤਹਿਤ ਹੋਵੇਗੀ। ਵੀ ਸੀ/ਓ ਏ ਵੀ ਐੱਮ ਰਾਹੀਂ 25ਵੀਂ ਏ ਜੀ ਐੱਮ 'ਚ ਸ਼ਾਮਲ ਹੋਣ ਲਈ, ਏ ਜੀ ਐੱਮ ਵਿਖੇ ਈ-ਵੋਟਿੰਗ ਅਤੇ ਰਿਮੋਟ ਈ-ਵੋਟਿੰਗ ਦਾ ਢੰਗ 25ਵੀਂ ਏ ਜੀ ਐੱਮ ਦੇ ਨੋਟਿਸ 'ਚ ਮੁਹੱਈਆ ਕਰਵਾਇਆ ਗਿਆ ਹੈ। 25ਵੀਂ ਏ ਜੀ ਐੱਮ ਦੇ ਨੋਟਿਸ ਦੀਆਂ ਕਾਪੀਆਂ ਸਮੇਤ ਵਿਖਿਆਤਮਕ ਬਿਆਨ, ਵਿੱਤੀ ਵਰ੍ਹੇ 2023-24 ਵਾਸਤੇ ਸਾਲਾਨਾ ਰਿਪੋਰਟ, ਵਿੱਤੀ ਵਰ੍ਹੇ 2023-24 ਵਾਸਤੇ ਪੜਤਾਲੀਆ ਬਿਆਨ ਸ਼ਾਮਲ 07 ਅਗਸਤ 2024 ਨੂੰ ਸਾਰੇ ਮੈਂਬਰਾਂ ਨੂੰ ਭੇਜੇ ਜਾ ਚੁੱਕੇ ਹਨ, ਜਿਨ੍ਹਾਂ ਦੇ ਈਮੇਲ ਆਈ ਡੀਜ਼, 02 ਅਗਸਤ, 2024 ਤੱਕ ਬੈਂਕ/ਡਿਪਾਜ਼ਟਰੀ ਪਾਰਟੀਸੀਪੈਂਟਸ ਨਾਲ ਰਜਿਸਟਰਡ ਹਨ। 25ਵੀਂ ਏ ਜੀ ਐੱਮ ਨੋਟਿਸ ਅਤੇ ਮੈਂਬਰਾਂ ਦੀ ਸਾਲਾਨਾ ਰਿਪੋਰਟ ਦੀ ਭੌਤਿਕ ਕਾਪੀ ਭੇਜਣ ਦੀ ਜ਼ਰੂਰਤ ਉਪਰੋਕਤ ਦਰਸਾਏ ਐੱਮ ਸੀ ਏ ਸਰਕੂਲਰਜ਼ ਅਤੇ ਸੇਬੀ ਸਰਕੂਲਰਜ਼ ਅਨੁਸਾਰ ਨਹੀਂ ਹੈ। 25ਵੀਂ ਏ ਜੀ ਐੱਮ ਦੇ ਨੋਟਿਸ ਦੀ ਭੌਤਿਕ ਕਾਪੀ ਸਮੇਤ ਵਿਖਿਆਤਮਕ ਬਿਆਨ, ਵਿੱਤੀ ਵਰ੍ਹੇ 2023-24 ਵਾਸਤੇ ਸਾਲਾਨਾ ਰਿਪੋਰਟ, ਵਿੱਤੀ ਵਰ੍ਹੇ 2023-24 ਲਈ ਪੜਤਾਲੇ ਵਿੱਤੀ ਬਿਆਨ ਸ਼ਾਮਲ, ਮੈਂਬਰਾਂ ਨੂੰ ਭੇਜ ਦਿੱਤੀ ਗਈ ਹੈ, ਜਿਨ੍ਹਾਂ ਨੇ ਇਸ ਲਈ ਬੇਨਤੀ ਕੀਤੀ ਸੀ। 25ਵੀਂ ਏ ਜੀ ਐੱਮ ਦਾ ਨੋਟਿਸ ਅਤੇ ਸਾਲਾਨਾ ਰਿਪੋਰਟ ਬੈਂਕ ਦੀ ਵੈੱਬਸਾਈਟ (www.capitalbank.co.in) ਅਤੇ ਸਟਾਕ ਐਕਸਚੇਂਜਿਜ਼ ਦੀ ਵੈੱਬਸਾਈਟ, ਜੋ ਕਿ ਬੀ ਐੱਸ ਈ ਲਿਮਟਿਡ (www.bseindia.com), ਨੈਸ਼ਨਲ ਸਟਾਕ ਐਕਸਚੇਂਜ ਆਫ਼ ਇੰਡੀਆ ਲਿਮਟਿਡ (www.nseindia.com), ਅਤੇ ਲਿੰਕ ਇਨਟਾਈਮ ਇੰਡੀਆ ਪ੍ਰਾਈਵੇਟ ਲਿਮਟਿਡ ਦੀ ਵੈਬਸਾਈਟ (www.instavote.linkintime.co.in) 'ਤੇ ਵੀ ਉਪਲਬੱਧ ਹੈ।

ਕੱਟ ਆਫ਼ ਡੇਟ, ਜੋ ਕਿ 23 ਅਗਸਤ 2024 ਦਿਨ ਸ਼ੁੱਕਰਵਾਰ ਹੈ, ਨੂੰ ਸ਼ੇਅਰ ਰੱਖਣ ਵਾਲੇ ਮੈਂਬਰ ਆਮ ਅਤੇ ਵਿਸ਼ੇਸ਼ ਕਾਰੋਬਾਰ 'ਤੇ, ਜੋ ਕਿ 25ਵੀਂ ਏ ਜੀ ਐੱਮ ਨੋਟਿਸ 'ਚ ਨਿਰਧਾਰਤ ਕੀਤੇ ਗਏ ਹਨ, ਲਿੰਕ ਇਨਟਾਈਮ ਇੰਡੀਆ ਪ੍ਰਾਈਵੇਟ ਲਿਮਟਿਡ ਦੇ ਇਲੈਕਟ੍ਰਾਨਿਕ ਵੋਟਿੰਗ ਸਿਸਟਮ ਰਾਹੀਂ ਆਪਣਾ ਵੋਟ ਇਲੈਕਟ੍ਰੋਨੀਕਲੀ ਪਾ ਸਕਦੇ ਹਨ। ਕਾਨੂੰਨ ਅਤੇ ਸਾਫ਼ ਅਤੇ ਪਾਰਦਰਸ਼ੀ ਢੰਗ ਨਾਲ ਈ-ਵੋਟਿੰਗ ਸੰਚਾਲਨ ਲਈ ਬੈਂਕ ਨੇ ਸ੍ਰੀ ਬ੍ਰਿਜ ਕਿਸ਼ੋਰ ਸ਼ਰਮਾ (ਐੱਮ ਨੰ. ਐ

8 August - Page - 6.qxd 8/7/2024 11:01 PM Page 1

ਸਵੈ-ਰੋਜ਼ਗਾਰ ਸ਼ੁਰੂ ਕਰਨ ਦੇ ਚਾਹਵਾਨਾਂ ਨੂੰ ਸਬਸਿਡੀ ਤੇ ਕਰਜ਼ੇ ਦੀ ਸਹੂਲਤ ਸੰਬੰਧੀ ਦਿੱਤੀ ਜਾਣਕਾਰੀ

ਜਲੰਧਰ, (ਸੁਰਿੰਦਰ ਕੁਮਾਰ) ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਸਥਾਨਕ ਪ੍ਰਸ਼ਾਸਨ ਦੇ ਸਹਿਯੋਗ ਨਾਲ ਬੁੱਧਵਾਰ ਨੂੰ ਸਵੈ ਰੋਜ਼ਗਾਰ-ਕਮ-ਪਲੇਸਮੈਂਟ ਕੈਂਪ ਲਾਇਆ ਗਿਆ।ਰੋਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖ਼ਲਾਈ ਅਫ਼ਸਰ ਮੁਕੇਸ਼ ਸਰੰਗਲ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਿਊਰੋ ਦੇ ਦਫ਼ਤਰ ਵਿਖੇ ਲਾਏ ਗਏ ਇਸ ਕੈਂਪ ਵਿੱਚ ਜਿਥੇ ਵੱਖ-ਵੱਖ ਕੰਪਨੀਆਂ ਵੱਲੋਂ ਰੋਜ਼ਗਾਰ ਲਈ ਉਮੀਦਵਾਰ ਸ਼ਾਰਟਲਿਸਟ ਕੀਤੇ ਗਏ ਉਥੇ ਆਪਣਾ ਕਾਰੋਬਾਰ ਸ਼ੁਰੂ ਕਰਨ ਦੇ ਇਛੁੱਕ ਨੌਜਵਾਨਾਂ ਨੂੰ ਸਵੈ-ਰੋਜ਼ਗਾਰ ਸਬੰਧੀ ਲੋੜੀਂਦੀ ਜਾਣਕਾਰੀ ਮੁਹੱਈਆ ਕਰਵਾਈ ਗਈ।ਉਨ੍ਹਾਂ ਦੱਸਿਆ ਕਿ ਕੈਂਪ ਵਿੱਚ ਐਸ.ਆਈ.ਐਸ. ਲਾਈਫ਼ ਬਾਇਓਟੈਕ, ਕ੍ਰਿਸ਼ਨਾ ਐਂਡ ਸੰਨਜ਼ ਅਤੇ ਐਚ.ਡੀ.ਐਫ.ਸੀ. ਬੈਂਕ ਨੇ ਸ਼ਿਰਕਤ ਕੀਤੀ, ਜਿਨ੍ਹਾਂ ਵੱਲੋਂ ਨੌਕਰੀਆਂ ਲਈ 18 ਨੌਜਵਾਨ ਸ਼ਾਰਟਲਿਸਟ ਕੀਤੇ ਗਏ।ਇਸ ਤੋਂ ਇਲਾਵਾ ਜ਼ਿਲ੍ਹਾ ਉਦਯੋਗ ਕੇਂਦਰ ਅਤੇ ਐਸ.ਸੀ. ਕਾਰਪੋਰੇਸ਼ਨ ਦੇ ਅਧਿਕਾਰੀਆਂ ਵੱਲੋਂ ਕੈਂਪ ਵਿੱਚ ਪੁੱਜੇ ਆਪਣਾ ਕੰਮ-ਧੰਦਾ ਸ਼ੁਰੂ ਕਰਨ ਦੇ ਚਾਹਵਾਨ ਨੌਜਵਾਨਾਂ ਨੂੰ ਸਰਕਾਰ ਦੀਆਂ ਸਵੈ-ਰੋਜ਼ਗਾਰ ਸਬੰਧੀ ਵੱਖ-ਵੱਖ ਸਕੀਮਾਂ ਤਹਿਤ ਸਬਸਿਡੀ ਅਤੇ ਕਰਜ਼ੇ ਦੀ ਸਹੂਲਤ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।ਮੁਕੇਸ਼ ਸਰੰਗਲ ਨੇ ਦੱਸਿਆ ਕਿ ਨੌਜਵਾਨਾਂ ਦੀ ਰੋਜ਼ਗਾਰ ਪ੍ਰਾਪਤੀ ਵਿੱਚ ਮਦਦ ਲਈ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਸਮੇਂ-ਸਮੇਂ 'ਤੇ ਅਜਿਹੇ ਕੈਂਪ ਲਗਾਏ ਜਾਂਦੇ ਹਨ। ਉਨ੍ਹਾਂ ਰੋਜ਼ਗਾਰ ਦੇ ਵਧੇਰੇ ਮੌਕਿਆਂ ਲਈ ਨੌਜਵਾਨਾਂ ਨੂੰ ਇਨ੍ਹਾਂ ਕੈਂਪਾਂ ਵਿੱਚ ਵਧ-ਚੜ੍ਹ ਕੇ ਭਾਗ ਲੈਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ ਦਫ਼ਤਰ ਦੇ ਹੈਲਪਲਾਈਨ ਨੰਬਰ 90569-20100 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

ਕੈਂਬਰਿਜ ਕਾਨਵੈਂਟ ਸਕੂਲ 'ਚ 'ਪ੍ਰਤਿਭਾ ਕੀ ਖੋਜ' ਦਾ ਪੇਪਰ ਲਿਆ

ਕੋਟ ਈਸੇ ਖਾਂ (ਅਰੋੜਾ) ਕੋਟ ਈਸੇ ਖਾਂ ਦੀ ਪ੍ਰਸਿੱਧ ਵਿਦਿਅਕ ਸੰਸਥਾ ਕੈਮਬਰਿਜ ਕਾਨਵੈਂਟ ਸਕੂਲ ਵਿੱਚ ਪੰਜਾਬੀ ਟ੍ਰਿਬਿਊਨ ਅਖਬਾਰ ਵੱਲੋਂ ਪ੍ਰਤਿਭਾ ਕੀ ਖੋਜ ਦਾ ਪੇਪਰ ਸੱਤਵੀਂ ਤੋਂ ਲੈ ਕੇ ਦਸਵੀਂ ਕਲਾਸ ਦੇ ਬੱਚਿਆਂ ਦਾ ਲਿਆ ਗਿਆ।ਜਿਸ ਵਿੱਚ ਮੈਥ, ਜੀ ਕੇ ਅਤੇ ਸਾਇੰਸ ਵਿਸ਼ਿਆਂ ਦਾ ਪੇਪਰ ਲਿਆ ਗਿਆ।ਇਸ ਪੇਪਰ ਦੀ ਕੋਈ ਫੀਸ ਨਹੀਂ ਸੀ। ਇਸ 'ਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਨਾਲ ਸਨਮਾਨਿਤ ਕੀਤਾ ਜਾਵੇਗਾ ਅਤੇ ਬੱਚੇ ਨੂੰ ਜਿਲ੍ਹਾ ਪੱਧਰ ਮੁਕਾਬਲੇ ਲਈ ਅੱਗੇ ਭੇਜਿਆ ਜਾਵੇਗਾ। ਇਸ ਤੋਂ ਇਲਾਵਾ ਟੋਪਰਸ ਵਿਦਿਆਰਥੀਆਂ ਨੂੰ ਆਕਰਸ਼ਕ ਇਨਾਮ ਟਰਾਫੀ ਸਕਾਲਰਸ਼ਿਪ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਵੀ ਕੀਤਾ ਜਾਵੇਗਾ ਅਤੇ ਟੋਪਰਸ ਆਉਣ ਵਾਲੇ ਵਿਦਿਆਰਥੀਆਂ ਦੇ ਆਧਾਰ 'ਤੇ ਸਕੂਲ ਨੂੰ ਗੁਰੂਕੁਲ ਅਵਾਰਡ ਨਾਲ ਸਨਮਾਨਿਤ ਵੀ ਕੀਤਾ ਜਾਵੇਗਾ।

48 ਬੋਤਲਾਂ ਨਾਜਾਇਜ਼ ਸ਼ਰਾਬ ਸਮੇਤ 2 ਕਾਬੂ

ਨਵਾਂਸ਼ਹਿਰ (ਮਨੋਜ ਲਾਡੀ) - ਥਾਣਾ ਕਾਠਗੜ੍ਹ ਦੀ ਪੁਲਸ ਵੱਲੋ ਸਕੂਟਰ ਸਵਾਰ 2 ਵਿਅਕਤੀਆਂ ਨੂੰ 48 ਬੋਤਲਾਂ ਨਾਜਾਇਜ਼ ਸ਼ਰਾਬ ਸਮੇਤ ਕਾਬੂ ਕੀਤਾ ਗਿਆ । ਏ.ਐੱਸ.ਆਈ. ਗੁਰਦੀਪ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਗਸ਼ਤ ਦੌਰਾਨ ਬੱਸ ਸਟੈਂਡ ਕਾਠਗੜ੍ਹ ਕੋਲ ਮੌਜੂਦ ਸੀ ਤਾਂ ਇਕ ਮੁਖਬਰ ਖਾਸ ਨੇ ਦੱਸਿਆ ਕਿ ਜਸਪਾਲ ਸਿੰਘ ਉਰਫ਼ ਗੁਲਾਰ ਵਾਸੀ ਬਾਗੋਵਾਲ ਥਾਣਾ ਕਾਠਗੜ੍ਹ ਅਤੇ ਸੁਖਨੰਦਨ ਉਰਫ਼ ਸੋਨੂੰ ਵਾਸੀ ਕਾਠਗੜ੍ਹ ਜੋ ਕਿ ਨਾਜਾਇਜ਼ ਸ਼ਰਾਬ ਵੇਚਣ ਦਾ ਧੰਦਾ ਕਰਦੇ ਹਨ, ਅੱਜਰੱਤੇਵਾਲ ਤੋਂ ਕਾਠਗੜ੍ਹ ਸਾਈਡ ਵੱਲ ਨੂੰ ਸ਼ਰਾਬ ਦੀਆਂ ਬੋਤਲਾਂ ਥੈਲੇ ਵਿਚ ਰੱਖ ਕੇ ਸਕੂਟਰ ਉਤੇ ਸ਼ਰਾਬ ਵੇਚਣ ਲਈ ਆ ਰਹੇ ਹਨ।ਏ.ਐੱਸ.ਆਈ. ਗੁਰਦੀਪ ਸਿੰਘ ਨੇ ਦੱਸਿਆ ਕਿ ਉਕਤ ਸੂਚਨਾ ਦੇ ਆਧਾਰ ਉਤੇ ਕਾਰਵਾਈ ਕਰਦੇ ਪੁਲਸ ਨੇ ਉਕਤ ਸਕੂਟਰ ਸਵਾਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਕੋਲੋਂ 48 ਬੋਤਲਾਂ ਸ਼ਰਾਬ ਬਰਾਮਦ ਕੀਤੀ। ਕਾਬੂ ਕੀਤੇ ਵਿਅਕਤੀਆਂ ਖਿਲਾਫ ਥਾਣਾ ਕਾਠਗੜ੍ਹ ਵਿੱਚ ਆਬਕਾਰੀ ਐਕਟ ਤਹਿਤ ਮਾਮਲਾ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

Public Notice

I, Bhupinder Kaur W/o Palwinder Singh R/o Vpo. Sarai Khas Patti Chelia PS Kartarpur (Jalandhar) Pb, India, declare that i adopted a child namely Pawiter Singh from their biological father Amarjit Singh S/o Bakhshish Singh & mother Lakhwinder Kaur W/o Amarjit Singh on date 15-July-2024, whose Adoption Deed No. is 2024-25/185/4/27. That now I am the mother of Pawiter Singh and Pawiter Singh be known as my child.

ਪਬਲਿਕ ਨੋਟਿਸ

ਬਾ ਅਦਾਲਤ ਅਮਰਜੀਤ ਸਿੰਘ, ਨਾਇਬ ਤਹਸੀਲਦਾਰ ਕਰਤਾਰਪੁਰ

ਉਪਰੋਕਤ ਦਫਤਰ ਵਿਚ ਇਕ ਹਲਫੀਆ ਬਿਆਨ ਜੋ ਕਿ ਬਖਤਾਵਰ ਸਿੰਘ ਪੁੱਤਰ ਨਰੰਜਣ ਸਿੰਘ ਪੁੱਤਰ ਅੱਛਰ ਸਿੰਘ ਵਾਸੀ ਤਲਵੰਡੀ ਭੀਲਾ ਜਿਲਾ ਜਲੰਧਰ ਵਲੋਂ ਪੇਸ਼ ਕੀਤਾ ਗਿਆ ਹੈ, ਜਿਸ ਮੁਤਾਬਿਕ ਵਾਕਿਆ ਰਕਬਾ ਜਿਲਾ ਜਲੰਧਰ ਦੇ ਮਾਲ ਰਿਕਾਰਡ ਪਿੰਡ ਐਮਾ, ਰਹੀਮਪੁਰ ਅਤੇ ਤਲਵੰਡੀ ਭੀਲਾ ਵਿਚ ਉਸ ਦਾ ਨਾਮ ਅਵਤਾਰ ਸਿੰਘ ਪੁੱਤਰ ਨਰੰਜਣ ਸਿੰਘ ਪੁੱਤਰ ਅੱਛਰ ਸਿੰਘ ਆ ਰਿਹਾ ਹੈ ਜੱਦ ਕਿ ਉਸ ਦਾ ਅਸਲ ਨਾਮ ਬਖਤਾਵਰ ਸਿੰਘ ਪੁੱਤਰ ਨਰੰਜਣ ਸਿੰਘ ਪੁੱਤਰ ਅੱਛਰ ਸਿੰਘ ਹੈ। ਇਹ ਕਿ ਅਵਤਾਰ ਸਿੰਘ ਪੁੱਤਰ ਨਰੰਜਣ ਸਿੰਘ ਪੁੱਤਰ ਅੱਛਰ ਸਿੰਘ ਅਤੇ ਬਖਤਾਵਰ ਸਿੰਘ ਪੁੱਤਰ ਨਰੰਜਣ ਸਿੰਘ ਪੁੱਤਰ ਅੱਛਰ ਸਿੰਘ ਇਕ ਨਾ ਦੇ ਵਿਅਕਤੀ ਹਨ। ਇਹ ਕਿ ਹੁਣ ਉਕਤ ਜਮ੍ਹਾਂਬੰਦੀ ਵਿਚ ਅਵਤਾਰ ਸਿੰਘ ਪੁੱਤਰ ਨਰੰਜਣ ਸਿੰਘ ਪੁੱਤਰ ਅੱਛਰ ਸਿੰਘ ਦੀ ਥਾਂ ਅਵਤਾਰ ਸਿੰਘ ਪੁੱਤਰ ਨਰੰਜਣ ਸਿੰਘ ਪੁੱਤਰ ਅੱਛਰ ਸਿੰਘ ਉਰਫ ਬਖਤਾਵਰ ਸਿੰਘ ਪੁੱਤਰ ਨਰੰਜਣ ਸਿੰਘ ਪੁੱਤਰ ਅੱਛਰ ਸਿੰਘ ਦਰਜ ਕਰਨ ਦੀ ਤਜਵੀਜ ਹੈ।

ਇਸ ਨੋਟਿਸ ਰਾਂਹੀ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਮਾਲ ਰਿਕਾਰਡ ਵਿਚ ਵਿਅਕਤੀ ਦਾ ਨਾਮ ਬਦਲਣ ਲਈ ਜੇਕਰ ਕਿਸ ਨੂੰ ਕੋਈ ਇਤਰਾਜ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ ਅੰਦਰ ਇਸ ਦਫਤਰ ਵਿਚ ਆਪਣਾ ਪੱਖ/ਇਤਰਾਜ ਪੇਸ਼ ਕਰ ਸਕਦਾ ਹੈ। ਇਹ ਨੋਟਿਸ ਸਰਕਾਰ ਦੇ ਪੱਤਰ ਨੰਬਰ ਮੀਮੋ ਨੰਬਰ 25/78/2012-ਭ.ਮ-2/12445-71 ਚੰਡੀਗੜ੍ਹ ਮਿਤੀ 26.7.13 ਵਿਚ ਦਰਜ ਹਦਾਇਤਾ ਅਨੁਸਾਰ ਜਾਰੀ ਕੀਤਾ ਜਾਂਦਾ ਹੈ। ਇਸਤੋਂ ਬਾਅਦ ਕਿਸੇ ਪੱਖ/ਇਤਰਾਜ ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ ਅਤੇ ਰਿਕਾਡ ਮਾਲ ਵਿੱਚ ਬਿਨੈਕਾਰ ਦਾ ਨਾਮ ਦਰਜ ਕਰਨ ਦੇ ਹੁਕਮ ਜਾਰੀ ਕਰ ਦਿਤੇ ਜਾਣਗੇ।

ਨਾਇਬ ਤਹਿਸੀਲਦਾਰ, ਕਰਤਾਰਪੁਰ।
ਨੰਬਰ: 244/ਰੀਡਰ, ਮਿਤੀ: 07-08-24

ਪਬਲਿਕ ਨੋਟਿਸ

ਐੱਸ ਸੀ ਐੱਫ-52, ਮੰਡੀ ਅਬੋਹਰ ਦੇ ਪਲਾਟ ਦੀ ਮਲਕੀਅਤ ਸ੍ਰੀ ਰਾਮ ਚੰਦ ਪੁੱਤਰ ਸ੍ਰੀ ਜੈ ਲਾਲ (1/2 ਹਿੱਸਾ) ਦੇ ਨਾਂਅ 'ਤੇ ਹੈ। ਇਸ ਦਫ਼ਤਰ ਵਿੱਚ ਸ੍ਰੀ ਅਸੀਮ ਕੁਮਾਰ, ਸ੍ਰੀ ਅੰਜੂਮ ਕੁਮਾਰ ਪੁੱਤਰਾਨ ਸ੍ਰੀ ਰਾਮ ਚੰਦ ਵੱਲੋਂ ਦਰਖਾਸਤ ਪ੍ਰਾਪਤ ਹੋਈ ਹੈ। ਸ੍ਰੀ ਰਾਮ ਚੰਦ ਪੁੱਤਰ ਸ੍ਰੀ ਜੈ ਲਾਲ ਦੇ ਨਾਂਅ 'ਤੇ 1/2 ਹਿੱਸਾ ਹੈ, ਸ੍ਰੀ ਰਾਮ ਚੰਦ ਪੁੱਤਰ ਸ੍ਰੀ ਜੈ ਲਾਲ ਦੀ ਮੌਤ ਮਿਤੀ 03-09-2009 ਨੂੰ ਹੋਣ ਉਪਰੰਤ ਖਾਨਗੀ 08-05-2009 ਅਤੇ ਫੈਸਲਾ ਬਾ-ਅਦਾਲਤ 31-08-2010 ਵਾਰਸਾਂ ਦੀ ਤਹਿਸੀਲਦਾਰ ਮਾਲ ਦੀ ਰਿਪੋਰਟ ਮਿਤੀ 29-04-2024 ਦੇ ਅਧਾਰ ਉੱਤੇ, ਪਲਾਟ ਦੀ ਮਲਕੀਅਤ ਤਬਦੀਲ ਉਨ੍ਹਾਂ ਦੇ ਨਾਂਅ 'ਤੇ ਕਰਨ ਸੰਬੰਧੀ ਦਰਖਾਸਤ ਪ੍ਰਾਪਤ ਹੋਈ ਹੈ।

ਉਪਰੋਕਤ ਦਸਤਾਵੇਜ਼ਾਂ ਦੇ ਆਧਾਰ 'ਤੇ ਐੱਸ.ਸੀ.ਐੱਫ-52 ਮੰਡੀ ਅਬੋਹਰ ਦੀ 1/2 ਹਿੱਸੇ ਦੀ ਮਲਕੀਅਤ ਤਬਦੀਲ ਕੀਤੀ ਜਾਣੀ ਹੈ। ਜੇਕਰ ਕਿਸੇ ਵਿਅਕਤੀ ਨੂੰ ਇਸ ਪਲਾਟ ਦੀ ਮਲਕੀਅਤ ਤਬਦੀਲ ਕਰਨ ਸੰਬੰਧੀ ਕਿਸੇ ਕਿਸਮ ਦਾ ਕੋਈ ਵੀ ਇਤਰਾਜ਼ ਹੈ ਤਾਂ ਇਸ ਨੋਟਿਸ ਦੇ ਛਪਣ ਤੋਂ 30 ਦਿਨਾ ਦੇ ਅੰਦਰ-ਅੰਦਰ ਨਿਮਨ ਹਸਤਾਖਰ ਨੂੰ ਹੇਠ ਲਿਖੇ ਐਡਰੈਸ 'ਤੇ ਜਾਂ ਈਮੇਲ Dir.colon@Punjab.gov.in 'ਤੇ ਭੇਜ ਸਕਦਾ ਹੈ। ਮਿੱਥੇ ਸਮੇਂ ਤੋਂ ਬਾਅਦ ਕਿਸੇ ਵਿਅਕਤੀ ਦੇ ਕਿਸੇ ਕਿਸਮ ਦੇ ਇਤਰਾਜ਼ 'ਤੇ ਕੋਈ ਸੁਣਵਾਈ ਨਹੀਂ ਕੀਤੀ ਜਾਵੇਗੀ।

ਸਹੀ/-ਐਡਮਿਨਸਟਰੇਟਰ, ਨਿਊ ਮੰਡੀ ਟਾਊਨਸਿਪ, ਪੰਜਾਬ।
ਮੰਡੀ ਭਵਨ ਸੈਕਟਰ 65 ਏ ਮੋਹਾਲੀ ਪੰਜਾਬ।

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਰਾਜਪ੍ਰਿਤਪਾਲ ਸਿੰਘ ਨਾਇਬ ਤਹਿਸੀਲਦਾਰ, ਰਮਦਾਸ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ

ਕੇਸ ਨੰਬਰ : Other Cases/98,99,100,101-2023 ਨੰਬਰ/ਰੀਡਰ/ਐੱਨ.ਟੀ.374
ਕਿਸਮ ਕੇਸ: ਤਕਸੀਮ ਮਿਤੀ : 06-08-2024
ਵਾਕਿਆ ਰਕਬਾ-ਅਵਾਣ ਨੇੜੇ ਰਮਦਾਸ ਤਾਰੀਖ ਪੇਸ਼ੀ : 29-08-2024
ਸਰਬਜੀਤ ਸਿੰਘ ਵਗੈਰਾ...ਬਨਾਮ...ਭਾਗ ਸਿੰਘ ਵਗੈਰਾ

ਨੋਟਿਸ

1. ਭਾਗ ਸਿੰਘ ਪੁੱਤਰ ਵਧਾਵਾ ਸਿੰਘ ਪੁੱਤਰ ਬੰਤਾ ਸਿੰਘ, 2. ਭਜਨ ਕੌਰ ਵਿਧਵਾ ਗੁਰਬਚਨ ਸਿੰਘ ਕਾਲਾ ਸਿੰਘ ਤੇ ਪੱਪੂ ਪੁਤਰਾਨ ਗੁਰਬਚਨ ਸਿੰਘ, 3. ਹਰਵੰਤ ਕੌਰ ਪੁੱਤਰੀ ਦੂਲਾ ਸਿੰਘ, 4. ਰਾਜਬੀਰ ਕੌਰ ਪਤਨੀ ਦਵਿੰਦਰ ਸਿੰਘ ਬਚਿੱਤਰ ਸਿੰਘ ਪੁੱਤਰ ਹਰਬੰਸ ਸਿੰਘ ਮੁਖਤਿਆਰ ਸਿੰਘ ਪੁੱਤਰ ਲਖਵਿੰਦਰ ਸਿੰਘ, 5. ਕੇਹਰ ਸਿੰਘ, ਮੇਹਰ ਸਿੰਘ ਪੁਤਰਾਨ ਆਤਮਾ ਸਿੰਘ, ਲਖਵਿੰਦਰ ਸਿੰਘ ਪੁੱਤਰ ਆਤਮਾ ਸਿੰਘ ਹਰਦੀਪ ਸਿੰਘ ਪੁੱਤਰ ਦਿਆਲ ਸਿੰਘ, ਬਚਿੱਤਰ ਸਿੰਘ ਪੁੱਤਰ ਹਰਬੰਸ ਸਿੰਘ।

ਉਪਰੋਕਤ ਅਨੁਵਾਨ ਕੇਸ ਵਿੱਚ ਹੇਠ ਦਰਜ ਉੱਤਰਵਾਦੀ ਦੀ ਤਲਬੀ ਸੰਮਣ ਰਾਹੀਂ ਕਰਨੀ ਸੰਭਵ ਨਾ ਹੋਣ ਕਾਰਨ ਅਖਬਾਰੀ ਇਸ਼ਤਿਹਾਰ ਰਾਹੀਂ ਉੱਤਰਵਾਦੀਆਂ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕੋਈ ਵਿਅਕਤੀ ਜਾਂ ਹੇਠਾਂ ਲਿਖੇ ਉੱਤਰਵਾਦੀਆਂ ਵਿੱਚੋਂ ਕੋਈ ਇਸ ਕੇਸ ਵਿੱਚ ਕੋਈ ਜਵਾਬ/ਕਾਰਵਾਈ ਕਰਨਾ ਚਾਹੁੰਦੇ ਹਨ ਤਾਂ ਉਹ ਅਗਲੀ ਤਾਰੀਖ ਪੇਸ਼ੀ ਮਿਤੀ : 29.8.2024 ਨੂੰ ਅਸਾਲਤਨ ਜਾਂ ਵਕਾਲਤਨ ਅਦਾਲਤ ਵਿੱਚ ਪੇਸ਼ ਹੋਣ ਤੇ ਕੇਸ ਦੀ ਪੈਰਵਾਈ ਕਰਨ। ਇਸ ਮਿਤੀ ਤੋਂ ਬਾਅਦ ਕਿਸੇ ਦਾ ਕੋਈ ਉਜ਼ਰ ਨਹੀਂ ਸੁਣਿਆ ਜਾਵੇਗਾ। ਹਾਜ਼ਰ ਅਦਾਲਤ ਨਾ ਹੋਣ ਦੀ ਸੂਰਤ ਵਿੱਚ ਉਨ੍ਹਾਂ ਦੇ ਖ਼ਿਲਾਫ਼ ਇਕਤਰਫ਼ਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ, ਦਰਜਾ ਦੋਮ, ਰਮਦਾਸ।

ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਰਿਤੂ ਕਪੂਰ ਨਾਇਬ-ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਅੌੜ

ਮਿਸਲ ਨੰ: 48 ਐੱਨ ਟੀ ਦਾਇਰ ਮਿਤੀ : 13.06.2024
ਕਿਸਮ - ਤਕਸੀਮ ਪੇਸ਼ੀ ਮਿਤੀ : 02.09.2024 ਪਿੰਡ - ਅੌੜ

ਅਨੁਵਾਨ ਮੁਕੱਦਮਾ : ਰਾਮ ਭਗਤ ਬਨਾਮ ਜਸਵੀਰ ਸਿੰਘ ਵਗੈਰਾ

ਰਾਮ ਭਗਤ ਪੁੱਤਰ ਮਾਗੇ ਰਾਮ ਪੁੱਤਰ ਜਿਊਲਾ, ਵਾਸੀ ਪਿੰਡ ਅੌੜ, ਤਹਿਸੀਲ ਨਵਾਂਸ਼ਹਿਰ, ਸਬ ਤਹਿਸੀਲ ਅੌੜ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ। ਫਰੀਕ ਅੱਵਲ

ਬਨਾਮ

1. ਜਸਵੀਰ ਸਿੰਘ ਪੁੱਤਰ ਮਹਿਦਰ ਸਿੰਘ, 2. ਗੁਰਚੇਤ ਸਿੰਘ ਪੁੱਤਰ ਮਹਿਦਰ ਸਿੰਘ, 3. ਮੱਖਣ ਸਿੰਘ ਪੁੱਤਰ ਮਹਿਦਰ ਸਿੰਘ ਪੁੱਤਰ ਸੁੱਚਾ ਸਿੰਘ ਵਾਸੀਆਨ ਪਿੰਡ ਮੱਲਾ ਬੇਦੀਆਂ, ਤਹਿਸੀਲ ਨਵਾਂਸ਼ਹਿਰ ਸਬ-ਤਹਿਸੀਲ ਅੌੜ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ, 4. ਕਲਾਵਤੀ ਵਿਧਵਾ ਜਗਦੀਸ਼ ਸਿੰਘ ਪੁੱਤਰ ਰਾਮਜੀ ਲਾਲ, ਵਾਸੀ ਪਿੰਡ ਗਰੁੱਪੜ, ਤਹਿਸੀਲ ਨਵਾਂਸ਼ਹਿਰ, ਸਬ-ਤਹਿਸੀਲ ਅੌੜ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ, 5. ਰਾਜਵਤੀ ਪਤਨੀ ਰਜਪਾਲ ਪੁੱਤਰ ਸਾਧੂ ਰਾਮ, 6. ਮਾਇਆ ਪਤਨੀ ਓਮੀ ਪੁੱਤਰ ਨਾਗੀਆ, 7 ਭਟੇਰੀ ਪਤਨੀ ਫਕੀਰੀਆ ਪੁੱਤਰ ਜੋਗਾ ਰਾਮ, 8. ਲੀਲਾਵਤੀ ਪਤਨੀ ਜੀਲਾ ਰਾਮ ਪੁੱਤਰ ਮੋਲੂ ਰਾਮ, 9. ਪ੍ਰੇਮੀ ਪਤਨੀ ਪ੍ਰੇਮ ਪੁੱਤਰ ਜੋਗੀ ਰਾਮ ਸਾਰੇ ਵਾਸੀਆਨ ਪਿੰਡ ਅੌੜ, ਤਹਿਸੀਲ ਨਵਾਂਸ਼ਹਿਰ, ਸਬ-ਤਹਿਸੀਲ ਅੌੜ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ। .....ਫਰੀਕ ਦੋਇਮ

ਦਰਖਾਸਤ ਬਾਬਤ ਅਰਾਜੀ ਫੈਡ ਮੁਆਜੀ :-

ਖੇਵਟ ਨੰ: 153/149 ਖਤੌਨੀ ਨੰ: 208 (ਰਕਬਾ 23 ਕ 15ਮ), ਬਰੂਏ ਜਮ੍ਹਾਂਬੰਦੀ ਸਾਲ 2018-2019 ਵਾਕਿਆ ਰਕਬਾ ਪਿੰਡ ਅੌੜ, ਤਹਿਸੀਲ ਨਵਾਂਸ਼ਹਿਰ ਸਬ -ਤਹਿਸੀਲ ਅੌੜ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ।

ਉਪਰੋਕਤ ਅਨੁਵਾਨ ਮੁਕੱਦਮਾ ਅਧੀਨ ਤਕਸੀਮ ਕੇਸ ਕੁਝ ਉੱਤਰਵਾਦੀ ਗੈਰ-ਮੁਲਕ ਵਿਚ ਰਿਹਾਇਸ਼ ਰੱਖਦੇ ਹਨ, ਕੁਝ ਪਿੰਡ ਵਿਚ ਰਿਹਾਇਸ਼ ਨਹੀਂ ਰੱਖਦੇ ਅਤੇ ਕੁਝ ਘਰ ਪਰ ਹਾਜ਼ਰ ਨਹੀਂ ਮਿਲੇ, ਜਿਸ ਕਰਕੇ ਉੱਤਰਵਾਦੀਆਂ ਦੀ ਮਾਮੂਲੀ ਤਰੀਕੇ ਨਾਲ ਇਤਲਾਹ ਹੋਣੀ ਮੁਸ਼ਕਿਲ ਹੈ। ਇਸ ਲਈ ਮਿਤੀ 02.09.2024 ਦੀ ਤਰੀਖ ਪੇਸ਼ੀ ਨਿਸ਼ਚਿਤ ਕਰਕੇ ਇਸ ਇਸ਼ਤਿਹਾਰ ਰਾਹੀਂ ਉੱਤਰਵਾਦੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਹ ਤਰੀਖ ਪੇਸ਼ੀ 'ਤੇ ਅਸਾਲਤਨ ਜਾਂ ਵਕਾਲਤਨ ਹਾਜ਼ਰ ਅਦਾਲਤ ਆਉਣ। ਉਕਤ ਮੁਕਰਰ ਕੀਤੀ ਮਿਤੀ ਨੂੰ ਹਾਜ਼ਰ ਅਦਾਲਤ ਨਾ ਆਉਣ ਦੀ ਸੂਰਤ ਵਿਚ ਇਕਤਰਫਾ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

ਅੱਜ ਮਿਤੀ 29.07.2024 ਨੂੰ ਮੇਰੇ ਹਸਤਾਖਰਾਂ ਅਤੇ ਮੋਹਰ ਨਾਲ ਇਹ ਨੋਟਿਸ ਜਾਰੀ ਹੋਇਆ।

ਨਾਇਬ ਤਹਿਸੀਲਦਾਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ, ਅੌੜ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ)
ਨੰਬਰ : 454 ਰੀਡਰ/ ਮਿਤੀ 29.7.24

ਅਦਾਲਤ

'ਵਰਸਿਟੀ ਦੇ 10 ਵਿਦਿਆਰਥੀਆਂ ਕੇਂਦਰੀ ਅਧਿਆਪਕ ਯੋਗਤਾ ਪ੍ਰੀਖਿਆ ਪਾਸ ਕੀਤੀ

ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਇੱਕ ਮਹੱਤਵਪੂਰਨ ਅਕਾਦਮਿਕ ਪ੍ਰਾਪਤੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਸ਼ਵ ਯੂਨੀਵਰਸਿਟੀ ਦੇ ਸਿੱਖਿਆ ਵਿਭਾਗ ਦੇ 10 ਵਿਦਿਆਰਥੀਆਂ ਨੇ ਕੇਂਦਰੀ ਅਧਿਆਪਕ ਯੋਗਤਾ ਪ੍ਰੀਖਿਆ (ਸੀ.ਟੀ.ਈ.ਟੀ.) ਪਾਸ ਕੀਤੀ, ਜੋ ਕਿ ਇੱਕ ਵੱਕਾਰੀ ਪ੍ਰੀਖਿਆ ਲਈ ਲੋੜੀਂਦੀ ਹੈ। ਸਿੱਖਿਆ ਵਿਭਾਗ ਦੇ ਮੁਖੀ ਡਾ. ਹਰਨੀਤ ਬਿਲਿੰਗ ਨੇ ਸਾਂਝਾ ਕੀਤਾ ਕਿ ਉਨ੍ਹਾਂ ਨੂੰ ਗ੍ਰੀਜੂਏਸ਼ਨ ਦੇ ਤੀਜੇ ਸਾਲ ਦੌਰਾਨ ਪ੍ਰੀਖਿਆ ਵਿੱਚ ਸ਼ਾਨਦਾਰ ਪ੍ਰਦਰਸ਼ਨ ਲਈ ਵਿਦਿਆਰਥੀਆਂ 'ਤੇ ਬਹੁਤ ਮਾਣ ਹੈ। ਉਨ੍ਹਾਂ ਦੀ ਸਫਲਤਾ ਉਨ੍ਹਾਂ ਦੇ ਸਮਰਪਣ ਅਤੇ ਵਿਭਾਗ ਦੇ ਫੈਕਲਟੀ ਦੁਆਰਾ ਪ੍ਰਦਾਨ ਕੀਤੇ ਗਏ ਸਖ਼ਤ ਸਮਰਥਨ ਦਾ ਪ੍ਰਮਾਣ ਹੈ। ਡਾ. ਬਿਲਿੰਗ ਨੇ ਵਿਭਾਗ ਦੀ ਸੰਪੂਰਨ ਵਿੱਦਿਅਕ ਪਹੁੰਚ ਨੂੰ ਵੀ ਉਜਾਗਰ ਕੀਤਾ, ਜਿਸ ਦਾ ਉਦੇਸ਼ ਵਿਦਿਆਰਥੀਆਂ ਨੂੰ ਅਧਿਆਪਨ ਪੇਸ਼ੇ ਦੀਆਂ ਚੁਣੌਤੀਆਂ ਲਈ ਪੂਰੀ ਤਰ੍ਹਾਂ ਤਿਆਰ ਕਰਨਾ ਹੈ। ਵਰਲਡ ਯੂਨੀਵਰਸਿਟੀ ਦੇ ਪ੍ਰੋ: ਅਜਾਇਬ ਸਿੰਘ ਬਰਾੜ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਇਹ ਪ੍ਰਾਪਤੀ ਉਨ੍ਹਾਂ ਦੀ ਸਖ਼ਤ ਮਿਹਨਤ ਅਤੇ ਸਾਡੇ ਵਿੱਦਿਅਕ ਪ੍ਰੋਗਰਾਮਾਂ ਦੀ ਉੱਤਮਤਾ ਦਾ ਸਪੱਸ਼ਟ ਪ੍ਰਤੀਬਿੰਬ ਹੈ।ਇਹ ਸਫਲਤਾ ਵਿਦਿਅਕ ਉੱਤਮਤਾ ਲਈ ਯੂਨੀਵਰਸਿਟੀ ਦੀ ਵਚਨਬੱਧਤਾ ਅਤੇ ਇਨ੍ਹਾਂ ਪ੍ਰਤਿਭਾਸ਼ਾਲੀ ਵਿਅਕਤੀਆਂ ਲਈ ਅੱਗੇ ਆਉਣ ਵਾਲੇ ਉਜਵਲ ਭਵਿੱਖ ਦਾ ਪ੍ਰਮਾਣ ਹੈ। ਵਰਲਡ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਪ੍ਰਿਤਪਾਲ ਸਿੰਘ ਨੇ ਸਫਲ ਵਿਦਿਆਰਥੀਆਂ ਨੂੰ ਵਧਾਈ ਦਿੱਤੀ। ਉਨ੍ਹਾਂ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਦੀ ਤਾਰੀਫ਼ ਕੀਤੀ ਅਤੇ ਉਨ੍ਹਾਂ ਦੇ ਭਵਿੱਖ ਦੇ ਯਤਨਾਂ ਵਿੱਚ ਲਗਾਤਾਰ ਸਫਲਤਾ ਦੀ ਕਾਮਨਾ ਕੀਤੀ। ਡੀਨ ਅਕਾਦਮਿਕ ਮਾਮਲੇ ਪ੍ਰੋ: ਸੁਖਵਿੰਦਰ ਸਿੰਘ ਬਿਲਿੰਗ ਨੇ ਵਿਦਿਆਰਥੀਆਂ ਦੀ ਲਗਨ ਲਈ ਪ੍ਰਸ਼ੰਸਾ ਕੀਤੀ ਅਤੇ ਅਕਾਦਮਿਕ ਉੱਤਮਤਾ ਲਈ ਯੂਨੀਵਰਸਿਟੀ ਦੀ ਵਚਨਬੱਧਤਾ ਨੂੰ ਸਵੀਕਾਰ ਕੀਤਾ।

ਪੁਲਸ ਨੇ 118 ਵਹੀਕਲ ਬੋਲੀ ਲਗਾ ਕੇ ਕੀਤੇ ਨਿਲਾਮ

ਬਠਿੰਡਾ (ਪਰਵਿੰਦਰ ਜੀਤ ਸਿੰਘ)-ਜ਼ਿਲ੍ਹਾ ਪੁਲਿਸ ਮੁਖੀ ਅਮਨੀਤ ਕੌਂਡਲ ਵੱਲੋਂ ਜਿੱਥੇ ਨਸ਼ਿਆਂ ਦੇ ਖਾਤਮੇ, ਜੇਰੇ ਤਫਤੀਸ਼ ਮੁਕੱਦਮਿਆਂ ਤੇ ਦਰਖਾਸਤਾਂ ਦੇ ਨਿਪਟਾਰੇ, ਮਾੜੇ ਅਨਸਰਾਂ ਨੂੰ ਕਾਬੂ ਕਰਨ ਲਈ ਦਿਨ-ਪ੍ਰਤੀ ਦਿਨ ਲਗਾਤਾਰ ਨਵੇਂ ਕਦਮ ਚੁੱਕੇ ਜਾ ਰਹੇ ਹਨ, ਉਥੇ ਪੁਲਸ ਵਿਭਾਗ ਵੱਲੋਂ ਵੱਖ-ਵੱਖ ਮੁਕੱਦਮਿਆਂ ਵਿਚ ਥਾਣਿਆਂ ਵਿਚ ਖੜ੍ਹੇ ਵੱਖ-ਵੱਖ 102 ਫੈਸਲਾਸ਼ੁਦਾ ਮੁਕੱਦਮਿਆਂ ਦੇ 118 ਵਹੀਕਲਾਂ ਦੀ ਸਥਾਨਕ ਪੁਲਸ ਲਾਈਨਜ਼ ਵਿਖੇ ਖੁੱਲ੍ਹੀ ਬੋਲੀ ਕਰਵਾ ਕੇ ਨਿਲਾਮ ਕੀਤੇ ਗਏ।ਸ੍ਰੀਮਤੀ ਅਮਨੀਤ ਕੌਂਡਲ ਨੇ ਦੱਸਿਆ ਕਿ ਥਾਣਿਆਂ ਵਿੱਚ ਵੱਖ-ਵੱਖ ਮਕੱਦਮਿਆਂ 'ਚ ਕਾਫੀ ਗਿਣਤੀ ਵਿੱਚ ਵਹੀਕਲ ਖੜ੍ਹੇ ਹਨ।ਇਨ੍ਹਾਂ ਵਹੀਕਲਾਂ ਨਾਲ ਸਬੰਧਤ ਮੁੱਕਦਮਿਆਂ ਦਾ ਫੈਸਲਾ ਹੋ ਚੁੱਕਾ ਹੈ, ਪਰ ਕਿਸੇ ਵਿਅਕਤੀ ਵੱਲੋਂ ਇਹ ਵਹੀਕਲ ਕਲੇਮ ਨਹੀਂ ਕੀਤੇ ਗਏ। ਇਨ੍ਹਾਂ ਵਹੀਕਲਾਂ ਨੇ ਥਾਣਿਆਂ ਵਿੱਚ ਕਾਫੀ ਜਗ੍ਹਾ ਘੇਰੀ ਹੋਈ ਹੈ। ਉਨ੍ਹਾਂ ਅੱਗੇ ਦੱਸਿਆ ਕਿ ਵਹੀਕਲ ਡਿਸਪੋਜ਼ਲ ਕਮੇਟੀ ਮੈਂਬਰਾਂ ਦੀ ਮੌਜੂਦਗੀ ਵਿੱਚ ਕਾਨੂੰਨੀ ਪ੍ਰਕਿਰਿਆ ਅਪਣਾਉਂਦੇ ਹੋਏ ਜ਼ਿਲ੍ਹੇ ਦੇ ਪੁਲਸ ਥਾਣਾ ਦਿਆਲਪੁਰਾ, ਨਥਾਣਾ, ਨੇਹੀਆਵਾਲਾ, ਕੋਟਫੱਤਾ, ਤਲਵੰਡੀ ਸਾਬੋ, ਸਿਵਲ ਲਾਇਨ, ਨੰਦਗੜ੍ਹ, ਰਾਮਾਂ, ਬਾਲਿਆਂਵਾਲੀ, ਸਦਰ ਰਾਮਪੁਰਾ, ਕੋਤਵਾਲੀ ਅਤੇ ਥਰਮਲ ਵਿੱਚ ਖੜ੍ਹੇ ਕੁੱਲ 57 ਫੈਸਲਾਸ਼ੁਦਾ ਮੁਕੱਦਮੇ ਐਨ.ਡੀ.ਪੀ.ਐੱਸ ਅਤੇ ਹੋਰ ਮੁਕੱਦਮਿਆਂ ਵਿੱਚ ਬਰਾਮਦਸ਼ੁਦਾ 61 ਵਹੀਕਲਾਂ (ਬਿਨਾਂ ਕਾਗਜ਼ਾਤ ਅਤੇ ਦੁਬਾਰਾ ਨਾ ਵਰਤੋਂਯੋਗ/ਸਕਰੈਪ ਦੀ ਨਿਲਾਮੀ (ਖੁੱਲ੍ਹੀ ਬੋਲੀ) ਕਰਵਾਈ ਗਈ। ਜ਼ਿਲ੍ਹਾ ਪੁਲਿਸ ਮੁਖੀ ਸ਼੍ਰੀਮਤੀ ਅਮਨੀਤ ਕੌਂਡਲ ਨੇ ਹੋਰ ਦੱਸਿਆ ਕਿ ਇਨ੍ਹਾਂ ਵਿਚ 86 ਦੋ-ਪਹੀਆ ਵਾਹਨ ਅਤੇ 31 ਚਾਰ-ਪਹੀਆ ਅਤੇ 1 ਟਰੱਕ ਸ਼ਾਮਲ ਹਨ।ਨਿਲਾਮੀ ਦੀ ਕੁਲ ਰਕਮ 13,10,000 ਰੁਪਏ ਸਰਕਾਰੀ ਖਜ਼ਾਨੇ ਵਿੱਚ ਜਮ੍ਹਾਂ ਕਰਵਾਈ ਜਾ ਰਹੀ ਹੈ। ਜ਼ਿਲ੍ਹਾ ਪੁਲਸ ਮੁਖੀ ਨੇ ਅੱਗੇ ਦੱਸਿਆ ਕਿ ਬਾਕੀ ਰਹਿੰਦੇ ਵਹੀਕਲਾਂ ਸੰਬੰਧੀ ਵੀ ਰਿਕਾਰਡ ਤਿਆਰ ਕਰਵਾਇਆ ਜਾ ਰਿਹਾ ਹੈ ਅਤੇ ਹੋਰ ਵਹੀਕਲ ਵੀ ਜਲਦੀ ਨਿਲਾਮ ਕੀਤੇ ਜਾਣਗੇ।

ਪੰਜਾਬ/ਯੂ ਟੀ ਮੁਲਾਜ਼ਮ ਤੇ ਪੈਨਸ਼ਨਰ ਸਾਂਝੇ ਫਰੰਟ ਵੱਲੋਂ ਪੰਜਾਬ ਸਰਕਾਰ ਖ਼ਿਲਾਫ਼ ਅਰਥੀ ਫੂਕ ਮੁਜ਼ਾਹਰਾ

ਰਾਜਪੁਰਾ (ਰਮੇਸ਼ ਕਟਾਰੀਆ)-ਪੀ ਐੱਸ ਈ ਬੀ ਪੈਨਸ਼ਨਰ ਯੂਨੀਅਨ ਏਟਕ ਪੰਜਾਬ ਅਤੇ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਏਟਕ ਪੰਜਾਬ ਡਵੀਜ਼ਨ ਰਾਜਪੁਰਾ ਵੱਲੋਂ ਸਾਂਝੇ ਤੌਰ 'ਤੇ ਮੀਟਿੰਗ ਕਰਨ ਉਪਰੰਤ ਪੰਜਾਬ ਯੂ ਟੀ ਮੁਲਾਜ਼ਮ ਅਤੇ ਪੈਨਸ਼ਨਰ ਸਾਂਝੇ ਫਰੰਟ ਵੱਲੋਂ ਦਿੱਤੇ ਸੱਦੇ 'ਤੇ ਪੰਜਾਬ ਸਰਕਾਰ ਖ਼ਿਲਾਫ਼ ਅਰਥੀ ਫੂਕ ਮੁਜ਼ਾਹਰਾ ਕੀਤਾ ਅਤੇ ਪ੍ਰਧਾਨ ਪੀ ਐੱਸ ਈ ਬੀ ਪੈਨਸ਼ਨਰ ਯੂਨੀਅਨ ਏਟਕ ਪੰਜਾਬ ਦੇ ਸੰਸਥਾਪਕ ਹਰਭਜਨ ਸਿੰਘ ਪਿਲਖਣੀ ਨੇ ਦੱਸਿਆ ਕਿ ਪੰਜਾਬ ਸਰਕਾਰ ਜਲੰਧਰ ਜ਼ਿਮਨੀ ਚੋਣ ਸਮੇਂ ਧਰਨੇ ਨੂੰ ਟਾਲਣ ਲਈ ਚੋਣ ਜ਼ਾਬਤੇ ਦਾ ਵਾਸਤਾ ਦੇ ਕੇ ਮੀਟਿੰਗ 25 ਜੁਲਾਈ ਤੇ ਹੁਣ 2 ਅਗਸਤ ਦੀ ਮੀਟਿੰਗ ਮੁਲਤਵੀ ਕਰਕੇ ਪੰਜਾਬ ਦੇ ਲੱਖਾਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨਾਲ ਵੱਡਾ ਧੋਖਾ ਕੀਤਾ ਹੈ ਜਿਸ ਕਰਕੇ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਅੰਦਰ ਬਹੁਤ ਭਾਰੀ ਰੋਸ ਹੈ। ਰੋਸ ਵਿੱਚ ਆਏ ਸਾਥੀਆਂ ਨੇ ਬਿਜਲੀ ਬੋਰਡ ਦਫ਼ਤਰ ਰਾਜਪੁਰਾ ਵਿਖੇ ਅੱਤ ਦੀ ਗਰਮੀ ਵਿੱਚ ਪੰਜਾਬ ਸਰਕਾਰ ਦੀ ਝੂਠ ਦੀ ਪੰਡ ਸਰਕਾਰ ਅਤੇ ਮੁੱਖ ਮੰਤਰੀ ਦੀ ਅਰਥੀ ਫੂਕ ਕੇ ਭਗਵੰਤ ਮਾਨ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਹੱਕੀ ਅਤੇ ਜਾਇਜ਼ ਮੰਗਾਂ ਨਾ ਮੰਨੀਆਂ ਤਾਂ ਸਰਕਾਰ ਦੇ ਖਿਲਾਫ ਵੱਡੀ ਲਹਿਰ ਖੜ੍ਹੀ ਕਰਕੇ ਤਿੱਖਾ ਸੰਘਰਸ਼ ਕੀਤਾ ਜਾਵੇਗਾ। ਆਗੂਆਂ ਨੇ ਦੱਸਿਆ ਕਿ ਕੱਚੇ ਕਾਮਿਆਂ ਨੂੰ ਤੁਰੰਤ ਬਿਨਾਂ ਸ਼ਰਤ ਪੱਕਾ ਕੀਤਾ ਜਾਵੇ, ਪੁਰਾਣੀ ਪੈਨਸ਼ਨ ਬਹਾਲ ਕੀਤੀ ਜਾਵੇ ਅਤੇ ਪੈਨਸ਼ਨਰਾਂ ਨੂੰ 2.59 ਦੇ ਗੁਣਾਕ ਨਾਲ ਤੁਰੰਤ ਲਾਗੂ ਕੀਤਾ ਜਾਵੇ, ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦਾ ਪੈਡਿੰਗ ਡੀ ਏ ਦਿੱਤਾ ਜਾਵੇ। ਹੋਰ ਵੀ ਅਨੇਕਾਂ ਭੱਤੇ ਕੱਟੇ ਹੋਏ ਬਹਾਲ ਕੀਤੇ ਜਾਣ। ਇਸ ਮੌਕੇ ਸੂਬਾ ਵਿੱਤ ਸਕੱਤਰ ਸਾਥੀ ਬਲਜੀਤ ਕੁਮਾਰ ਸਾਥੀ ਗੁਰਦਿਆਲ ਸਿੰਘ ਬੱਬੂ, ਸਾਥੀ ਕੁਲਦੀਪ ਸਿੰਘ, ਸਾਥੀ ਸੁਖਦੇਵ ਸਿੰਘ, ਹਰਦੀਪ ਸਿੰਘ, ਪਰਮਜੀਤ ਸਿੰਘ, ਜੋਰਾਵਰ ਸਿੰਘ, ਰਘਬੀਰ ਸਿੰਘ, ਜਗਤਾਰ ਸਿੰਘ ਅਤੇ ਹੋਰ ਅਨੇਕਾਂ ਆਗੂਆਂ ਨੇ ਹਿੱਸਾ ਲਿਆ ਅਤੇ ਆਪਣੇ ਵਿਚਾਰ ਪ੍ਰਗਟ ਕੀਤੇ ਆਏ ਸਾਥੀਆਂ ਦਾ ਪ੍ਰਧਾਨ ਰਾਮ ਰਤਨ ਸ਼ਾਮ ਸੁੰਦਰ ਨੇ ਧੰਨਵਾਦ ਕੀਤਾ।

ਮਾਮਲਾ ਕੰਪਨੀ ਵੱਲੋਂ ਲੁੱਟੇ ਗਏ ਲੱਖਾਂ ਨਿਵੇਸ਼ਕਾਂ ਦਾ

ਖਜ਼ਾਨਾ ਮੰਤਰੀ ਕੁ.ਫ਼ਰ ਤੋਲ ਰਹੇ : ਸੰਧੂ, ਮਾਈਸਰਖਾਨਾ

ਤਲਵੰਡੀ ਸਾਬੋ (ਜਗਦੀਪ ਗਿੱਲ)

ਪਰਲਜ਼ ਅਤੇ ਹੋਰ ਚਿੱਟਫੰਡ ਕੰਪਨੀਆਂ ਵਲੋਂ ਲੁੱਟੇ ਗਏ ਪੀੜਿਤ ਲੋਕ ਇਨਸਾਫ ਲੈਣ ਲਈ ਦਰ ਦਰ ਦੀਆਂ ਠੋਕਰਾਂ ਖਾ ਰਹੇ ਹਨ ਪਰ ਕੋਈ ਵੀ ਰਾਜਨੀਤਿਕ ਵਿਅਕਤੀ ਜਾਂ ਸਰਕਾਰ ਇਸ ਮਾਮਲੇ 'ਤੇ ਮੂੰਹ ਖੋਲ੍ਹਣ ਨੂੰ ਤਿਆਰ ਨਹੀਂ। ਉਪਰੋਕਤ ਬਿਆਨ ਪੀੜਤ ਲੋਕਾਂ ਨੂੰ ਇਨਸਾਫ ਦਿਵਾਉਣ ਲਈ ਸੰਘਰਸ਼ ਕਰ ਰਹੀ ਜਥੇਬੰਦੀ ਇਨਸਾਫ ਦੀ ਲਹਿਰ ਖਾਤੇਦਾਰ ਵੈਲਫੇਅਰ ਸੁਸਾਇਟੀ ਪੰਜਾਬ ਦੇ ਚੇਅਰਮੈਨ ਗੁਰਭੇਜ ਸਿੰਘ ਸੰਧੂ ਅਤੇ ਸੂਬਾ ਪ੍ਰਧਾਨ ਰਣਜੀਤ ਸਿੰਘ ਮਾਈਸਰਖਾਨਾ ਨੇ ਸਾਂਝੇ ਤੌਰ 'ਤੇ ਇਥੇ ਵਿਸ਼ੇਸ਼ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ। ਚੇਅਰਮੈਨ ਸੰਧੂ ਨੇ ਦੱਸਿਆ ਕਿ ਪੰਜਾਬ ਤੋਂ ਚੁਣ ਕੇ ਗਏ ਸਿਰਫ ਡਾਕਟਰ ਧਰਮਵੀਰ ਗਾਂਧੀ ਉਹ ਸ਼ਖਸ ਹਨ ਜਿਨ੍ਹਾਂ ਨੇ ਪਹਿਲਾਂ ਵੀ ਪਾਰਲੀਮੈਂਟ ਵਿਚ ਕੰਪਨੀਆਂ ਤੋਂ ਲੁੱਟੇ ਲੋਕਾਂ ਲਈ ਆਵਾਜ਼ ਉਠਾਈ ਤੇ ਪਿਛਲੇ ਦਿਨੀਂ ਫਿਰ ਇਸ ਮਸਲੇ ਤੇ ਪਾਰਲੀਮੈਂਟ ਵਿਚ ਬੋਲਦਿਆਂ ਕੇਂਦਰ ਸਰਕਾਰ ਨੂੰ ਘੇਰਿਆ ਪਰ ਮਾੜੀ ਕਿਸਮਤ ਇਹ ਕਿ ਸਾਡੀ ਮਾਨਯੋਗ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਇਹ ਕਹਿ ਕੇ ਪੱਲਾ ਛੁਡਵਾ ਲਿਆ ਕਿ ਕੰਪਨੀਆਂ ਦੀ ਸਾਰੀ ਜਾਇਦਾਦ ਰੌਲੇ ਵਾਲੀ ਹੈ, ਸੋ ਇਸ ਨੂੰ ਵੇਚਣਾ ਸਰਕਾਰ ਲਈ ਬਹੁਤ ਔਖਾ ਹੈ। ਸਭ ਤੋਂ ਸ਼ਰਮਨਾਕ ਗੱਲ ਉਨ੍ਹਾਂ ਇਹ ਕਹੀ ਕਿ ਸਾਡੇ ਕੋਲ ਜ਼ਮੀਨ ਵੇਚ ਕੇ ਜੋ ਪੈਸਾ ਆਇਆ ਹੈ ਉਸ ਨੂੰ ਕੋਈ ਨਿਵੇਸ਼ਕ ਲੈਣ ਹੀ ਨਹੀਂ ਆਇਆ ਜੋ ਕਿ ਸਰਾਸਰ ਝੂਠ ਹੈ ਹਾਲਾਂਕਿ ਚਿੱਟਫੰਡ ਕੰਪਨੀਆਂ ਤੋਂ ਪੀੜਤ ਲੋਕ ਆਪਣਾ ਪੈਸਾ ਵਾਪਸ ਲੈਣ ਲਈ ਦਰ ਦਰ ਭਟਕ ਰਹੇ ਹਨ।

ਸ੍ਰੀ ਸੰਧੂ ਅਤੇ ਮਾਈਸਰਖਾਨਾ ਨੇ ਵਿੱਤ ਮੰਤਰੀ ਦੇ ਇਸ ਝੂਠੇ ਬਿਆਨ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।

ਖੋ-ਖੋ ਟੂਰਨਾਮੈਂਟ 'ਚ ਬੁਰਜ ਸਿੱਧਵਾਂ ਸਕੂਲ ਟੀਮ ਅੱਵਲ

ਮਲੋਟ (ਗੁਰਮੀਤ ਸਿੰਘ ਮੱਕੜ)-ਦੋ ਦਿਨਾ ਜ਼ੋਨ ਪੱਧਰੀ ਖੋ-ਖੋ ਟੂਰਨਾਮੈਂਟ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੱਕੀ ਟਿੱਬੀ ਵਿਖੇ 5 ਅਤੇ 6 ਅਗਸਤ ਨੂੰ ਕਰਵਾਏ ਗਏ। ਇਸ ਟੂਰਨਾਮੈਂਟ ਵਿਚ ਅੰਡਰ-14 ਲੜਕੀਆਂ ਦੇ ਮੁਕਾਬਲਿਆਂ ਵਿਚ ਪੀ.ਟੀ.ਆਈ ਜਤਿੰਦਰ ਪਾਲ ਸਿੰਘ ਦੀ ਅਗਵਾਈ ਵਿੱਚ ਖੇਡਦਿਆਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੁਰਜ ਸਿੱਧਵਾਂ ਦੀ ਟੀਮ ਨੇ ਪਹਿਲਾ ਸਥਾਨ ਹਾਸਲ ਕਰਦਿਆਂ ਆਪਣੇ ਸਕੂਲ ਦਾ ਨਾਮ ਰੌਸ਼ਨ ਕੀਤਾ। ਖੋ-ਖੋ ਦੀ ਇਹ ਜੇਤੂ ਟੀਮ ਹੁਣ ਅੱਗੇ ਹੋਣ ਵਾਲੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਵਿਚ ਹਿੱਸਾ ਲਵੇਗੀ। ਸਕੂਲ ਪੁੱਜਣ 'ਤੇ ਸਕੂਲ ਦੇ ਕਾਰਜਕਾਰੀ ਇੰਚਾਰਜ ਮੈਡਮ ਗੁਰਮੀਤ ਕੌਰ ਅਤੇ ਸਮੂਹ ਸਟਾਫ ਸਮੇਤ ਸਕੂਲ ਦੇ ਵਿਦਿਆਰਥੀਆਂ ਨੇ ਪੀ.ਟੀ.ਆਈ ਜਤਿੰਦਰ ਪਾਲ ਸਿੰਘ ਅਤੇ ਟੀਮ ਨੂੰ ਵਧਾਈ ਦਿੱਤੀ ਅਤੇ ਟੀਮ ਨੂੰ ਆਉਣ ਵਾਲੇ ਮੁਕਾਬਲੇ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

ਐੱਸ ਡੀ ਐੱਮ ਦਿੜ੍ਹਬਾ ਵਿਦਿਆਰਥਣਾਂ ਦੇ ਰੂਬਰੂ ਹੋਏ

ਦਿੜ੍ਹਬਾ ਮੰਡੀ (ਜਸਵੀਰ ਸਿੰਘ ਲਾਡੀ)-ਸਹਾਇਤਾ ਕੰਪਿਊਟਰ ਕੋਚਿੰਗ ਸੈਂਟਰ ਦਿੜ੍ਹਬਾ ਵਿਖੇ ਸਮਾਗਮ ਕਰਵਾਇਆ ਗਿਆ ਜਿਸ ਵਿੱਚ ਰਾਜੇਸ਼ ਕੁਮਾਰ ਸ਼ਰਮਾ ਐਸ.ਡੀ.ਐਮ ਦਿੜ੍ਹਬਾ ਨੇ ਮੁੱਖ ਮਹਿਮਾਨ ਤੋਰ 'ਤੇ ਸ਼ਮੂਲੀਅਤ ਕੀਤੀ, ਜਦ ਕਿ ਵੈਦ ਸ਼ਿਵ ਕੁਮਾਰ ਸ਼ਰਮਾ, ਵੀਜਾ ਗਾਰਡਨ ਸੰਗਰੂਰ ਅਤੇ ਸੁਨਾਮ ਦੇ ਐਮ ਡੀ ਸੁਖਦੇਵ ਸਿੰਘ ਕੌਹਰੀਆਂ, ਅਜਮੇਰ ਸਿੰਘ ਰੋੜੇਵਾਲ ਅਤੇ ਰਣਜੀਤ ਸਿੰਘ ਕੈਪਰ ਆਦਿ ਪ੍ਰਮੁੱਖ ਵਿਅਕਤੀ ਵੀ ਸ਼ਾਮਲ ਹੋਏ।ਵਿਦਿਆਰਥਣਾਂ ਨੂੰ ਸੰਬੋਧਨ ਕਰਦਿਆਂ ਐਸ ਡੀ ਐਮ ਰਾਜੇਸ਼ ਸ਼ਰਮਾ ਨੇ ਕਿਹਾ ਕਿ ਸਮਾਜ ਸੇਵਾ ਦਾ ਕਾਰਜ ਕਿਸੇ ਕਿਸਮਤ ਵਾਲੇ ਵਿਅਕਤੀ ਦੇ ਹੀ ਹਿੱਸੇ ਆਉਂਦਾ ਹੈ ਜੋ ਕਿ ਸ਼ੀਤਲ ਦੇ ਹਿੱਸੇ ਆਇਆ ਹੈ ਜੋ ਬਿਨਾਂ ਕਿਸੇ ਨਿੱਜੀ ਹਿਤਾਂ ਦੀ ਪੂਰਤੀ ਤੋਂ ਸਹਾਇਤਾ ਸੰਸਥਾ ਰਾਹੀਂ ਗਰੀਬ ਬੱਚਿਆਂ ਦੀ ਫੀਸ ਭਰਨਾ, ਕੰਪਿਊਟਰ ਦੀ ਕੋਚਿੰਗ ਦੇਣਾ ਅਤੇ ਹੋਰ ਸਮਾਜ ਸੇਵਾ ਦੇ ਵੱਖ ਵੱਖ ਖੇਤਰਾਂ ਵਿੱਚ ਸ਼ਲਾਘਯੋਗ ਕਾਰਜ ਕਰ ਰਹੇ ਹਨ। ਉਨ੍ਹਾ ਵਿਦਿਆਰਥਣਾਂ ਨੂੰ ਜ਼ਿੰਦਗੀ ਵਿੱਚ ਸਫਲ ਹੋਣ ਲਈ ਅਣਥੱਕ ਮਿਹਨਤ ਕਰਨ ਦਾ ਸੱਦਾ ਦਿੱਤਾ।ਅੰਤ ਵਿੱਚ ਸੈਂਟਰ ਦੇ ਪ੍ਰਬੰਧਕ ਰਣਜੀਤ ਸਿੰਘ ਸ਼ੀਤਲ ਨੇ ਸਮਾਗਮ ਵਿੱਚ ਆਏ ਸਾਰਿਆਂ ਦਾ ਧੰਨਵਾਦ ਕੀਤਾ। ਇਸ ਦੌਰਾਨ ਜਿੱਥੇ ਵਿਦਿਆਰਥਣਾਂ ਨੂੰ ਸਰਟੀਫਿਕੇਟ ਵੰਡੇ ਗਏ, ਉੱਥੇ ਅਹਿਮ ਸਥਾਨ ਪ੍ਰਾਪਤ ਕਰਨ ਵਾਲੀਆਂ ਵਿਦਿਆਰਥਣਾਂ ਦਾ ਸਨਮਾਨ ਕੀਤਾ ਗਿਆ।

ਆਲ ਇੰਡੀਆ ਸੈਣੀ ਸੇਵਾ ਸਮਾਜ ਪੰਜਾਬ ਦਾ ਸਨਮਾਨ ਸਮਾਰੋਹ

ਪਟਿਆਲਾ (ਰਾਜਿੰਦਰ ਸਿੰਘ ਬਿੰਦ)

ਆਲ ਇੰਡੀਆ ਸੈਣੀ ਸੇਵਾ ਸਮਾਜ ਪੰਜਾਬ ਰੋਪੜ ਯੂਨਿਟ ਦੀ ਮੀਟਿੰਗ ਤੇ ਸਨਮਾਨ ਸਮਾਰੋਹ ਜਥੇਦਾਰ ਅਜਮੇਰ ਸਿੰਘ ਕੋਟਲਾ ਨਿਹੰਗ ਦੀ ਦੇਖ-ਰੇਖ ਹੇਠ ਹੋਟਲ ਰਾਜਸਥਾਨ ਰਾਇਲ ਰੋਪੜ ਵਿਖੇ ਆਯੋਜਨ ਕੀਤਾ ਗਿਆ।ਇਸ ਮੌਕੇ ਸਮਾਗਮ ਦੇ ਮੁੱਖ ਮਹਿਮਾਨ ਵਜੋਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਕੱਤਰ ਸੁਖਬਿੰਦਰ ਸਿੰਘ ਮਟੇਬਰ ਸ਼ਾਮਿਲ ਹੋਏ। ਸਮਾਰੋਹ ਦੀ ਪ੍ਰਧਾਨਗੀ ਲਵਨੀਨ ਸਿੰਘ ਸੈਣੀ ਪ੍ਰਧਾਨ ਪੰਜਾਬ ਪ੍ਰਦੇਸ਼ ਆਲ ਇੰਡੀਆ ਸੈਣੀ ਸੇਵਾ ਸਮਾਜ ਨੇ ਕੀਤੀ। ਸਮਾਗਮ ਦੌਰਾਨ ਸੈਣੀ ਭਾਈਚਾਰੇ ਦੀਆਂ ਸਮਾਜ ਦੀਆ ਵੱਖ ਵੱਖ ਖੇਤਰਾਂ ਵਿੱਚ ਅਪਣਾ ਵਡਮੁੱਲਾ ਯੋਗਦਾਨ ਪਾਉਣ ਵਾਲੀਆਂ ਸ਼ਖ਼ਸੀਅਤਾਂ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਮੌਜ

8-Aug-PAGE-8.qxd 8/7/2024 11:14 PM Page 1

ਖੱਬੀਆਂ ਪਾਰਟੀਆਂ ਵੱਲੋਂ ਭਲਕੇ ਨਵਾਂਸ਼ਹਿਰ ਵਿਖੇ ਪੁਤਲਾ ਫੂਕਿਆ ਜਾਵੇਗਾ

ਬੰਗਾ (ਅਵਤਾਰ ਕਲੇਰ) ਸੀ ਪੀ ਆਈ ਤੇ ਸੀ ਪੀ ਆਈ (ਐਮ) ਦੀ ਸਾਂਝੀ ਮੀਟਿੰਗ ਸਾਥੀ ਜਸਵਿੰਦਰ ਸਿੰਘ ਭੰਗਲ ਦੀ ਪ੍ਰਧਾਨਗੀ ਹੇਠ ਹੋਈ। ਜਿਸ ਵਿਚ ਦੋਵਾਂ ਪਾਰਟੀਆਂ ਵਲੋਂ ਹੀਰੋਸ਼ੀਮਾ ਤੇ ਨਾਗਾਸਾਕੀ ਵਿਖੇ ਪ੍ਰਮਾਣੂ ਬੰਬ ਸੁੱਟ ਕੇ ਮਚਾਈ ਤਬਾਹੀ ਦੇ ਖਿਲਾਫ 9 ਅਗਸਤ ਤੱਕ ਸਾਮਰਾਜ ਵਿਰੁੱਧ ਕੀਤੇ ਜਾ ਰਹੇ ਜ਼ਿਲ੍ਹਾ ਪੱਧਰੀ ਮੁਜਾਹਰਿਆਂ ਬਾਰੇ ਵਿਚਾਰ ਚਰਚਾ ਕੀਤੀ ਗਈ। ਮੀਟਿੰਗ ਵਿੱਚ ਸਰਬ ਸੰਮਤੀ ਨਾਲ ਫੈਸਲਾ ਲਿਆ ਗਿਆ ਕਿ ਸ਼ਹੀਦ ਭਗਤ ਸਿੰਘ ਨਗਰ ਵਿਖੇ ਸੀ ਪੀ ਆਈ ਤੇ ਸੀ ਪੀ ਆਈ (ਐਮ) ਵਲੋਂ ਸਾਂਝੇ ਤੌਰ 'ਤੇ 9 ਅਗਸਤ ਨੂੰ ਸਾਮਰਾਜ ਵਿਰੁੱਧ ਦਿਵਸ ਮਨਾਇਆ ਜਾਵੇਗਾ ਅਤੇ ਸਾਮਰਾਜ ਦਾ ਪੁਤਲਾ ਫੂਕਿਆ ਜਾਵੇਗਾ। ਮੀਟਿੰਗ ਵਿੱਚ ਇਹ ਵੀ ਫ਼ੈਸਲਾ ਕੀਤਾ ਗਿਆ ਕਿ ਅਮਰੀਕੀ ਸਾਮਰਾਜ ਦੇ ਭਾਈਵਾਲ ਇਜ਼ਰਾਈਲ ਵਲੋਂ ਫ਼ਲਸਤੀਨੀ ਨਿਹੱਥੇ ਲੋਕਾਂ ਤੇ ਬੰਬਾਰੀ ਕਰਕੇ ਮਚਾਈ ਤਬਾਹੀ ਬਾਰੇ ਤਹਿਸੀਲ , ਜ਼ਿਲ੍ਹਾ ਪੱਧਰੀ ਮੀਟਿੰਗਾਂ ਕਰਕੇ ਲੋਕਾਂ ਨੂੰ ਲਾਮਬੰਦ ਕੀਤਾ ਜਾਵੇਗਾ ਅਤੇ ਫ਼ਲਸਤੀਨੀ ਦੇਸ਼ ਭਗਤ ਲੋਕਾਂ ਦੀ ਹਮਾਇਤ ਵਿੱਚ ਆਵਾਜ਼ ਬੁਲੰਦ ਕੀਤੀ ਜਾਵੇਗੀ। 9 ਅਗਸਤ ਨੂੰ ਸਾਰੇ ਸਾਥੀਆਂ ਦੀ ਵੱਧ ਤੋਂ ਵੱਧ ਸ਼ਮੂਲੀਅਤ ਕਰਕੇ ਡੀ ਸੀ ਦਫਤਰ ਸਾਹਮਣੇ ਪੁਤਲਾ ਫੂਕਿਆ ਜਾਵੇਗਾ। ਮੀਟਿੰਗ ਵਿੱਚ ਬਲਵੀਰ ਸਿੰਘ ਜਾਡਲਾ ਸੀ ਪੀ ਆਈ (ਐਮ) ਜ਼ਿਲ੍ਹਾ ਸਕੱਤਰ, ਨਰੰਜਣ ਦਾਸ ਮੇਹਲੀ ਜ਼ਿਲ੍ਹਾ ਕਾਰਜਕਾਰੀ ਸਕੱਤਰ ਸੀ ਪੀ ਆਈ, ਪਰਮਿੰਦਰ ਮੇਨਕਾ, ਮਹਾਂ ਸਿੰਘ ਰੋੜੀ, ਜਰਨੈਲ ਸਿੰਘ ਰਾਣੇਵਾਲ, ਰਾਣਾ ਪਦਮ ਸਿੰਘ, ਧਰਮਪਾਲ ਸਿਆਣਾ, ਰਾਮੇਸ਼ ਬਿੱਲਾ, ਮਨੋਹਰ ਲਾਲ, ਸਾਧੂ ਰਾਮ ਆਦਿ ਵੀ ਹਾਜ਼ਰ ਸਨ ।

ਵਿਕਟੋਰੀਆ ਇੰਟਰਨੈਸ਼ਨਲ ਸਕੂਲ ਨੇ ਕੀਤਾ ਸ਼ਾਨਦਾਰ ਪ੍ਰਦਰਸ਼ਨ

ਅੱਡਾ ਸਰਾਂ , (ਕਾਜਲ) - ਬਾਬਾ ਬੁੱਢਾ ਪਬਲਿਕ ਸਕੂਲ ਟਾਂਡਾ ਵਿਖੇ ਕਰਵਾਏ ਗਏ ਟੂਰਨਾਮੈਂਟ ਵਿਚ ਵਿਕਟੋਰੀਆ ਸਕੂਲ ਦੀ ਲੜਕਿਆਂ ਦੀ ਸ਼ਤਰੰਜ ਟੀਮ ਵਿਚ ਅੰਡਰ-14 ਟੀਮ ਨੇ ਸੋਨ ਤਗਮਾ, ਅੰਡਰ-17 ਟੀਮ ਨੇ ਚਾਂਦੀ ਦਾ ਤਗਮਾ ਅਤੇ ਅੰਡਰ-19 ਟੀਮ ਨੇ ਵੀ ਚਾਂਦੀ ਦਾ ਤਗਮਾ ਜਿੱਤਿਆ।

ਲੜਕੀਆਂ ਦੀ ਸ਼ਤਰੰਜ ਟੀਮ ਵਿਚ ਅੰਡਰ-14 ਨੇ ਕਾਂਸੀ ਦਾ ਤਗਮਾ, ਅੰਡਰ-17 ਦੀ ਟੀਮ ਨੇ ਚਾਂਦੀ ਦਾ ਤਗਮਾ ਜਿੱਤਿਆ, ਇਸ ਤੋਂ ਇਲਾਵਾ ਬਾਸਕਟਬਾਲ ਦੀ ਖੇਡ ਵਿੱਚ ਅੰਡਰ-17 ਲੜਕਿਆਂ ਨੇ ਚਾਂਦੀ ਦਾ ਤਗਮਾ ਜਿੱਤਿਆ -17 ਨੇ ਕਾਂਸੀ ਦਾ ਤਗਮਾ ਜਿੱਤਿਆ -19 ਲੜਕਿਆਂ ਨੇ ਖੋਖੋ ਅੰਡਰ 14 ਅਤੇ ਲੜਕਿਆਂ ਦੀ ਟੀਮ ਨੇ ਕਾਂਸੀ ਦਾ ਤਗਮਾ ਜਿੱਤਿਆ।

ਸਕੂਲ ਦੇ ਡਾਇਰੈਕਟਰ ਅਤੇ ਪ੍ਰਿੰਸੀਪਲ ਨੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਜੀਵਨ ਵਿੱਚ ਸਫਲਤਾ ਦੀਆਂ ਬੁਲੰਦੀਆਂ 'ਤੇ ਪਹੁੰਚਣ ਲਈ ਕਿਹਾ। ਵਿਦਿਆਰਥੀਆਂ ਦੇ ਸ਼ਾਨਦਾਰ ਪ੍ਰਦਰਸ਼ਨ ਵਿਚ ਉਨ੍ਹਾਂ ਦੇ ਡੀ.ਪੀ. ਅਧਿਆਪਕ ਗਗਨਦੀਪ ਸਿੰਘ, ਆਰਤੀ ਦੇਵੀ ਨੇ ਅਹਿਮ ਭੂਮਿਕਾ ਨਿਭਾਈ ।

ਹਰਿਆਵਲ ਲਹਿਰ ਤਹਿਤ 15 ਲੱਖ ਟਿਊਬਵੈਲਾਂ 'ਤੇ ਲਗਾਏ ਜਾਣਗੇ 45 ਲੱਖ ਬੂਟੇ

ਫਿਲੌਰ, (ਨਿਰਮਲ)-ਪੰਜਾਬ ਸਰਕਾਰ ਸੂਬੇ ਨੂੰ ਹਰਿਆ-ਭਰਿਆ ਤੇ ਪ੍ਰਦੂਸ਼ਣ ਮੁਕਤ ਬਣਾਉਣ ਲਈ ਵਚਨਬੱਧ ਹੈ ਅਤੇ ਇਸ ਲਈ ਸੰਜੀਦਾ ਉਪਰਾਲੇ ਕੀਤੇ ਜਾ ਰਹੇ ਹਨ, ਜਿਸ ਤਹਿਤ ਸ਼ਹਿਰੀ ਵਾਤਾਵਰਣ ਨੂੰ ਸੁਧਾਰਨ ਲਈ 46 ਪਵਿੱਤਰ ਵਣ, 268 ਨਾਨਕ ਬਗੀਚੀਆਂ ਅਤੇ 10 ਨਗਰ ਵਣ ਤਿਆਰ ਕੀਤੇ ਜਾ ਰਹੇ ਹਨ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਦੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਵਲੋਂ ਅੱਜ ਪੰਜਾਬ ਪੁਲਸ ਅਕੈਡਮੀ ਫਿਲੌਰ ਵਿਖੇ 73ਵੇਂ ਵਣ ਮਹਾਂਉਤਸਵ ਸਬੰਧੀ ਕਰਵਾਏ ਗਏ ਜ਼ਿਲ੍ਹਾ ਪੱਧਰੀ ਸਮਾਗਮ ਨੂੰ ਸੰਬੋਧਨ ਕਰਦਿਆਂ ਕੀਤਾ।ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ ਨੇ ਦੱਸਿਆ ਕਿ ਪੰਜਾਬ ਕਿਸਾਨਾਂ ਨੂੰ ਕਾਰਬਨ ਕਰੈਡਿਟ ਦਾ ਲਾਭ ਦੇਣ ਵਾਲਾ ਪਹਿਲਾ ਰਾਜ ਬਣਿਆ ਹੈ। ਉਨ੍ਹਾਂ ਦੱਸਿਆ ਕਿ ਕੰਡੀ ਖੇਤਰ ਦੇ 3600 ਕਿਸਾਨਾਂ ਨੂੰ ਰੁੱਖ ਲਗਾਉਣ ਬਦਲੇ ਕਾਰਬਨ ਕਰੈਡਿਟ ਪਾਇਲੈਟ ਪ੍ਰਾਜੈਕਟ ਤਹਿਤ 45 ਕਰੋੜ ਰੁਪਏ ਸਿੱਧੇ ਖਾਤਿਆਂ ਵਿੱਚ ਮਿਲਣਗੇ।ਉਨ੍ਹਾਂ ਅੱਗੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵਲੋਂ ਸੂਬੇ ਨੂੰ ਹਰਿਆ-ਭਰਿਆ ਤੇ ਪ੍ਰਦੂਸ਼ਣ ਮੁਕਤ ਬਣਾਉਣ ਲਈ ਸ਼ਹੀਦ-ਏ-ਆਜ਼ਮ ਸ. ਭਗਤ ਸਿੰਘ ਹਰਿਆਵਲ ਲਹਿਰ ਤਹਿਤ ਰਾਜ ਦੇ ਕਰੀਬ 15 ਲੱਖ ਟਿਊਬਵੈਲਾਂ 'ਤੇ 45 ਲੱਖ ਬੂਟੇ ਲਾਏ ਜਾਣਗੇ।ਉਨ੍ਹਾਂ ਇਹ ਵੀ ਦੱਸਿਆ ਕਿ ਜ਼ਮੀਨ ਹੇਠਲੇ ਪਾਣੀ ਨੂੰ ਬਚਾਉਣ ਅਤੇ ਫ਼ਸਲੀ ਵਿਭਿੰਨਤਾ ਨੂੰ ਉਤਸ਼ਾਹਤ ਕਰਨ ਲਈ ਐਗਰੋ-ਫਾਰੈਸਟਰੀ ਯੋਜਨਾ ਤਹਿਤ ਪਿਛਲੇ ਦੋ ਸਾਲਾਂ ਦੌਰਾਨ ਕਿਸਾਨਾਂ ਨੂੰ 7.87 ਕਰੋੜ ਰੁਪਏ ਦੀ ਸਬਸਿਡੀ ਦਿੱਤੀ ਗਈ ਹੈ ਅਤੇ ਚਾਲੂ ਵਿੱਤੀ ਸਾਲ ਦੌਰਾਨ ਇਸ ਸਕੀਮ ਤਹਿਤ ਲਗਭਗ 25 ਕਰੋੜ ਰੁਪਏ ਦੀ ਹੋਰ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ।ਉਨ੍ਹਾਂ ਇਹ ਵੀ ਦੱਸਿਆ ਕਿ ਮੌਜੂਦਾ ਸਾਲ ਦੌਰਾਨ ਰਾਜ ਵਿੱਚ ਲੋਕਾਂ ਦੀ ਸ਼ਮੂਲੀਅਤ ਨਾਲ ਲਗਭਗ 3 ਕਰੋੜ ਪੌਦੇ ਲਗਾਉਣ ਦੀ ਮੁਹਿਮ ਦੀ ਸ਼ੁਰੂਆਤ ਕੀਤੀ ਗਈ ਹੈ ਜਿਸ ਵਿੱਚ ਵੱਖ-ਵੱਖ ਵਿਭਾਗਾਂ ਜਿਵੇਂ ਸਕੂਲ ਸਿੱਖਿਆ, ਪੇਂਡੂ ਵਿਕਾਸ, ਖੇਤੀਬਾੜੀ ਅਤੇ ਆਰਮੀ ਤੇ ਪੁਲਸ ਆਦਿ ਵਿਭਾਗਾਂ ਵਲੋਂ ਲਗਭਗ 1.32 ਕਰੋੜ ਪੌਦਿਆਂ ਦਾ ਯੋਗਦਾਨ ਪਾਇਆ ਜਾਵੇਗਾ। ਉਨ੍ਹਾਂ ਸੂਬੇ ਦੇ ਲੋਕਾਂ ਨੂੰ ਸੱਦਾ ਦਿੱਤਾ ਕਿ ਪੰਜਾਬ ਨੂੰ ਹਰਿਆ-ਭਰਿਆ ਤੇ ਪ੍ਰਦੂਸ਼ਣ ਮੁਕਤ ਬਣਾਉਣ ਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਸਾਫ਼-ਸੁਥਰੇ ਵਾਤਾਵਰਣ ਲਈ ਵੱਧ ਤੋਂ ਵੱਧ ਪੌਦੇ ਲਗਾਏ ਜਾਣ। ਇਸ ਮੌਕੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਸੂਬੇ ਨੂੰ ਹਰਿਆ-ਭਰਿਆ ਤੇ ਪ੍ਰਦੂਸ਼ਣ ਮੁਕਤ ਬਣਾਉਣ ਲਈ ਪੌਦੇ ਲਗਾਉਣ ਲਈ ਸ਼ੁਰੂ ਕੀਤੀ ਗਈ ਮੁਹਿਮ ਤਹਿਤ ਜ਼ਿਲ੍ਹੇ ਵਿੱਚ 18 ਲੱਖ ਦੇ ਕਰੀਬ ਪੌਦੇ ਲਗਾਏ ਜਾ ਰਹੇ ਹਨ।ਉਨ੍ਹਾਂ ਦੱਸਿਆ ਕਿ ਇਸ ਮੁਹਿਮ ਤਹਿਤ ਵੱਖ-ਵੱਖ ਤਰ੍ਹਾਂ ਦੇ ਛਾਂਦਾਰ ਤੇ ਫ਼ਲਦਾਰ ਜਿਵੇਂ ਨਿੰਮ, ਆਂਵਲਾ, ਬਖੇੜਾ ਤੇ ਅਰਜਣ ਆਦਿ ਦੇ ਪੌਦੇ ਲਗਾਏ ਜਾ ਰਹੇ ਹਨ।ਇਸ ਮੌਕੇ ਡਾਇਰੈਕਟਰ ਜਨਰਲ ਪੰਜਾਬ ਪੁਲਸ ਅਕੈਡਮੀ ਫਿਲੌਰ ਅਨੀਤਾ ਪੁੰਜ, ਨਕੋਦਰ ਤੋਂ ਵਿਧਾਇਕਾ ਇੰਦਰਜੀਤ ਕੌਰ ਮਾਨ, ਆਪ ਆਗੂ ਪ੍ਰਿੰਸੀਪਲ ਪ੍ਰੇਮ ਕੁਮਾਰ, ਪਿੰਦਰ ਪੰਡੋਰੀ, ਜੀਤ ਲਾਲ ਭੱਟੀ ਵਲੋਂ ਵੀ ਪੌਦੇ ਲਗਾਏ ਗਏ।

ਤੰਬਾਕੂ ਦੀ ਮਾੜੀ ਤੇ ਜਾਨ-ਲੇਵਾ ਆਦਤ ਤੋਂ ਨੌਜਵਾਨ ਪੀੜ੍ਹੀ ਨੂੰ ਬਚਾਉਣ ਦੀ ਲੋੜ : ਰਾਜੀਵ ਵਰਮਾ

ਨਵਾਂਸ਼ਹਿਰ, (ਮਨੋਜ ਲਾਡੀ)

ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸ਼ਹੀਦ ਭਗਤ ਸਿੰਘ ਨਗਰ ਵਿਖੇ ਮੰਗਲਵਾਰ ਨੂੰ ਨੈਸ਼ਨਲ ਤੰਬਾਕੂ ਕੰਟਰੋਲ ਪ੍ਰੋਗਰਾਮ ਅਧੀਨ ਜ਼ਿਲ੍ਹਾ ਟਾਸਕ ਫੋਰਸ ਦੀ ਮੀਟਿੰਗ ਆਯੋਜਿਤ ਕੀਤੀ ਗਈ। ਇਸ ਮੀਟਿੰਗ ਵਿੱਚ ਸਿਵਲ ਸਰਜਨ ਡਾ. ਜਸਪ੍ਰੀਤ ਕੌਰ, ਜ਼ਿਲ੍ਹਾ ਨੋਡਲ ਅਫਸਰ ਡਾ ਰੇਣੂ ਮਿੱਤਲ ਸਮੇਤ ਸਮੂਹ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਅਤੇ ਵੱਖ-ਵੱਖ ਸਹਿਯੋਗੀ ਵਿਭਾਗਾਂ ਦੇ ਨੁਮਾਇੰਦੇ ਹਾਜ਼ਰ ਹੋਏ।ਰਾਜੀਵ ਵਰਮਾ ਨੇ ਤੰਬਾਕੂ ਦੀ ਮਾੜੀ ਤੇ ਜਾਨ ਲੇਵਾ ਆਦਤ ਤੋਂ ਆਪਣੀ ਨੌਜਵਾਨ ਪੀੜ੍ਹੀ ਨੂੰ ਬਚਾਉਣ ਦੀ ਲੋੜ 'ਤੇ ਜ਼ੋਰ ਦਿੰਦੇ ਹੋਏ ਜ਼ਿਲ੍ਹਾ ਟਾਸਕ ਫੋਰਸ ਦੇ ਮੈਂਬਰਾਂ ਨੂੰ ਹਦਾਇਤਾਂ ਜਾਰੀ ਕਰਦੇ ਹੋਏ ਕਿਹਾ ਕਿ ਨੈਸ਼ਨਲ ਤੰਬਾਕੂ ਕੰਟਰੋਲ ਪ੍ਰੋਗਰਾਮ ਤਹਿਤ ਕੋਟਪਾ ਐਕਟ ਨੂੰ ਜ਼ਿਲ੍ਹੇ ਅੰਦਰ ਅਸਰਦਾਰ ਢੰਗ ਨਾਲ ਲਾਗੂ ਕੀਤਾ ਜਾਵੇ। ਇਸ ਕੰਮ ਵਿੱਚ ਸਾਰੇ ਭਾਈਵਾਲ ਵਿਭਾਗਾਂ ਦੀ ਸਰਗਰਮ ਭਾਗੀਦਾਰੀ ਬਹੁਤ ਜ਼ਰੂਰੀ ਹੈ।ਉਨ੍ਹਾਂ ਹਦਾਇਤ ਕੀਤੀ ਕਿ ਸਿਹਤ ਵਿਭਾਗ ਸਮੇਤ ਭਾਈਵਾਲ ਵਿਭਾਗਾਂ ਦੀਆਂ ਸਾਂਝੀਆਂ ਟੀਮਾਂ ਬਣਾ ਕੇ ਜਨਤਕ ਥਾਵਾਂ 'ਤੇ ਨਿਰੰਤਰ ਚੈਕਿੰਗ ਕੀਤੀ ਜਾਵੇ ਅਤੇ ਜੇਕਰ ਕੋਈ ਕੋਟਪਾ ਐਕਟ ਦੀ ਉਲੰਘਣਾ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਵੱਲੋਂ ਸ਼ਹੀਦ ਭਗਤ ਸਿੰਘ ਨਗਰ ਨੂੰ ਤੰਬਾਕੂ ਮੁਕਤ ਜ਼ਿਲ੍ਹਾ ਬਣਾਉਣ ਲਈ ਸਾਂਝਾ ਹੰਭਲਾ ਮਾਰਿਆ ਜਾਵੇ।ਸਿਵਲ ਸਰਜਨ ਡਾ. ਜਸਪ੍ਰੀਤ ਕੌਰ ਨੇ ਵਧੀਕ ਡਿਪਟੀ ਕਮਿਸ਼ਨਰ (ਜ) ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਿਹਤ ਵਿਭਾਗ ਕੋਟਪਾ ਐਕਟ ਨੂੰ ਜ਼ਿਲ੍ਹੇ ਅੰਦਰ ਅਸਰਦਾਰ ਢੰਗ ਨਾਲ ਲਾਗੂ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰ ਰਿਹਾ ਹੈ।

ਉਨ੍ਹਾਂ ਸਾਰੇ ਭਾਈਵਾਲ ਵਿਭਾਗਾਂ ਨੂੰ ਵੀ ਇਸ ਵਿਚ ਆਪਣੀ ਸਰਗਰਮ ਭਾਗੀਦਾਰੀ ਨਿਭਾਉਣ ਦੀ ਅਪੀਲ ਕੀਤੀ।ਇਸ ਮੌਕੇ ਐਸ ਡੀ ਐਮ ਬਲਾਚੌਰ ਰਵਿੰਦਰ ਬਾਂਸਲ, ਐਸ ਡੀ ਐਮ ਨਵਾਂਸ਼ਹਿਰ ਡਾ. ਆਕਾਸਿਤਾ ਗੁਪਤਾ, ਗੁਡ ਗਵਰਨੈਂਸ ਫੈਲੋ ਅਸਮੀਤਾ,ਜ਼ਿਲ੍ਹਾ ਸਿਹਤ ਅਫ਼ਸਰ ਡਾ. ਰੇਣੂ ਮਿੱਤਲ, ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ ਮਨਦੀਪ ਕਮਲ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਹਰਪ੍ਰੀਤ ਸਿੰਘ, ਸੀਨੀਅਰ ਮੈਡੀਕਲ ਅਫਸਰ ਡਾ. ਰਵਿੰਦਰ ਸਿੰਘ, ਡਾ. ਗੀਤਾਂਜਲੀ ਸਿੰਘ, ਡਾ. ਸੋਨੀਆ, ਡਾ. ਗੁਰਿੰਦਰਜੀਤ ਸਿੰਘ, ਡਾ. ਕੁਲਵਿੰਦਰ ਮਾਨ, ਡਾ. ਜਸਵਿੰਦਰ ਸਿੰਘ, ਡਾ. ਸਰਬਰਿੰਦਰ ਸਿੰਘ ਸੇਠੀ, ਜ਼ਿਲ੍ਹਾ ਐਪੀਡੀਮੋਲੋਜਿਸਟ ਡਾ ਰਾਕੇਸ਼ ਪਾਲ, ਜ਼ਿਲ੍ਹਾ ਐਪੀਡੀਮੋਲੋਜਿਸਟ ਸ਼ਿਆਮਾਦੇਵਾ, ਡਾ. ਗੁਰਪਾਲ ਕਟਾਰੀਆ, ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਦਲਜੀਤ ਸਿੰਘ, ਬਲਾਕ ਐਕਸਟੈਂਸ਼ਨ ਐਜੂਕੇਟਰ ਵਿਕਾਸ ਵਿਰਦੀ ਸਮੇਤ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਅਤੇ ਕਰਮਚਾਰੀ ਮੌਜੂਦ ਸਨ।

ਜੀ ਟੀ ਯੂ ਵੱਲੋਂ ਸਿੱਖਿਆ ਨੀਤੀ 2020 ਨੂੰ ਪੰਜਾਬ ਸਰਕਾਰ ਵੱਲੋਂ ਤੇਜ਼ੀ ਨਾਲ ਲਾਗੂ ਕਰਨ ਦੀ ਨਿਖੇਧੀ

ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੰਬੀ)- ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਨੇ ਪੰਜਾਬ ਸਰਕਾਰ ਵੱਲੋਂ ਸਿੱਖਿਆ ਨੀਤੀ 2020 ਨੂੰ ਤੇਜ਼ੀ ਨਾਲ ਲਾਗੂ ਕਰਨ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ। ਇਸ ਸੰਬੰਧੀ ਜਥੇਬੰਦੀ ਦੇ ਸੂਬਾਈ ਪ੍ਰੈਸ ਸਕੱਤਰ ਧਰਮਿੰਦਰ ਸਿੰਘ ਭੰਗੂ ਵੱਲੋਂ ਜਾਰੀ ਪ੍ਰੈਸ ਬਿਆਨ ਵਿੱਚ ਜਥੇਬੰਦੀ ਦੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਚਾਹਲ ਅਤੇ ਜਨਰਲ ਸਕੱਤਰ ਗੁਰਬਿੰਦਰ ਸਿੰਘ ਸਸਕੌਰ ਨੇ ਕਿਹਾ ਕਿ ਇੱਕ ਪਾਸੇ ਪੰਜਾਬ ਸਰਕਾਰ ਕੇਂਦਰ ਸਰਕਾਰ ਦੀਆਂ ਨੀਤੀਆਂ ਦੀ ਨਿਖੇਧੀ ਕਰਦੀ ਨਹੀਂ ਥੱਕਦੀ, ਦੂਜੇ ਪਾਸੇ ਉਸੇ ਕੇਂਦਰ ਸਰਕਾਰ ਵੱਲੋਂ ਤਿਆਰ ਲੋਕ ਮਾਰੂ ਸਿੱਖਿਆ ਨੀਤੀ 2020 ਨੂੰ ਤੇਜ਼ੀ ਨਾਲ ਲਾਗੂ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਇਸ ਨੀਤੀ ਦੇ ਲਾਗੂ ਹੋਣ ਨਾਲ ਸਰਕਾਰ, ਸਰਕਾਰੀ ਸਿੱਖਿਆ ਦਾ ਹੱਕ ਲੋਕਾਂ ਤੋਂ ਖੋਹਣ ਵੱਲ ਤੇਜ਼ੀ ਨਾਲ ਅੱਗੇ ਵਧ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਸਿੱਖਿਆ ਨੀਤੀ ਤਹਿਤ ਜਿੱਥੇ ਵੱਡੀ ਗਿਣਤੀ ਵਿੱਚ ਸਕੂਲ ਬੰਦ ਹੋ ਜਾਣਗੇ, ਉੱਥੇ ਪੰਜਾਬ ਦੇ ਨੌਜਵਾਨ ਜੋ ਅਧਿਆਪਕ ਲੱਗਣ ਦਾ ਸੁਪਨਾ ਪਾਲ ਰਹੇ ਹਨ ਉਨ੍ਹਾਂ ਦੇ ਸੁਪਨਿਆਂ 'ਤੇ ਵੀ ਪਾਣੀ ਫਿਰ ਜਾ ਜਾਵੇਗਾ। ਉਨ੍ਹਾਂ ਕਿਹਾ ਕਿ ਨਵੀਂ ਸਿੱਖਿਆ ਨੀਤੀ ਅਧੀਨ ਜੋ ਪਾਇਲਟ ਪ੍ਰੋਜੈਕਟ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਵਿੱਚ ਸ਼ੁਰੂ ਹੋ ਰਿਹਾ ਹੈ, ਜਿਸ ਤਹਿਤ ਸਿੱਖਿਆ ਅਧਿਕਾਰੀਆਂ ਵੱਲੋਂ ਦਬਾਅ ਬਣਾ ਕੇ ਸਕੂਲਾਂ ਨੂੰ ਮਰਜ ਕਰਨ ਦੇ ਮਤੇ ਪੁਆਏ ਜਾ ਰਹੇ ਹਨ। ਇਸ ਦਾ ਜਥੇਬੰਦੀ ਸਖਤ ਵਿਰੋਧ ਕਰੇਗੀ। ਉਨ੍ਹਾਂ ਪੰਜਾਬ ਦੇ ਸਮੂਹ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਲੋਕ ਮਾਰੂ ਫੈਸਲੇ ਦੇ ਖਿਲਾਫ ਗੌਰਮਿੰਟ ਟੀਚਰ ਯੂਨੀਅਨ ਦਾ ਸਾਥ ਦੇਣ ਤਾਂ ਕਿ ਪੰਜਾਬ ਵਿੱਚ ਸਰਕਾਰੀ ਸਿੱਖਿਆ ਦੇ ਉਜਾੜੇ ਨੂੰ ਰੋਕਿਆ ਜਾ ਸਕੇ।ਅਧਿਆਪਕ ਆਗੂਆਂ ਨੇ ਖਦਸ਼ਾ ਪ੍ਰਗਟ ਕੀਤਾ ਕਿ ਸਰਕਾਰ ਜਿਸ ਰਾਹ 'ਤੇ ਚੱਲ ਰਹੀ ਹੈ ਉੱਥੇ ਲਾਜ਼ਮੀ ਸਿੱਖਿਆ ਅਧੀਨ ਪਿੰਡ ਪਿੰਡ ਖੁੱਲ੍ਹੇ ਸਕੂਲ ਬੰਦ ਹੋ ਗਏ ਤਾਂ ਲੋਕਾਂ ਕੋਲ ਸਿੱਖਿਆ ਪ੍ਰਾਪਤੀ ਲਈ ਨਿੱਜੀ ਸੰਸਥਾਵਾਂ ਵੱਲ ਜਾਣ ਤੋਂ ਇਲਾਵਾ ਕੋਈ ਰਾਹ ਨਹੀਂ ਬਚੇਗਾ। ਇਸ ਕਰਕੇ ਉਨ੍ਹਾਂ ਕਿਹਾ ਕਿ ਗੌਰਮਿੰਟ ਟੀਚਰਜ਼ ਯੂਨੀਅਨ ਇਸ ਦਾ ਡਟ ਕੇ ਵਿਰੋਧ ਕਰੇਗੀ ਤੇ ਜੋ ਵੀ ਸਿੱਖਿਆ ਅਧਿਕਾਰੀ ਦਬਾਅ ਨਾਲ ਜਾਂ ਜ਼ਬਰਦਸਤੀ ਸਕੂਲਾਂ ਨੂੰ ਮਰਜ ਕਰਨ ਦੇ ਮਤੇ ਪਵਾਵੇਗਾ ਉਹਦੇ ਖ਼ਿਲਾਫ਼ ਤਿੱਖਾ ਸੰਘਰਸ਼ ਵਿੱਢਿਆ ਜਾਏਗਾ। ਅਧਿਆਪਕ ਆਗੂਆਂ ਨੇ ਸਮੂਹ ਅਧਿਆਪਕਾਂ ਨੂੰ ਅਪੀਲ ਕੀਤੀ ਕਿ ਉਹ ਜਥੇਬੰਦੀ ਵੱਲੋਂ ਅੱਠ ਅਤੇ ਨੌਂ ਅਗਸਤ ਨੂੰ ਜ਼ਿਲ੍ਹਾ ਪੱਧਰ 'ਤੇ ਦਿੱਤੇ ਜਾ ਰਹੇ ਧਰਨਿਆਂ ਵਿੱਚ ਲਾਜ਼

8-Aug-PAGE-9.qxd 8/7/2024 11:13 PM Page 1

ਮੁਲਾਜ਼ਮ ਤੇ ਪੈਨਸ਼ਨਰ ਸਾਂਝੇ ਫਰੰਟ ਦੇ ਸੱਦੇ 'ਤੇ ਸਰਕਾਰ ਦੇ ਲਾਰਿਆ ਦੀ ਪੰਡ ਫੂਕੀ

ਗੜਸ਼ੰਕਰ (ਫੂਲਾ ਸਿੰਘ ਬੀਰਮਪੁਰ) ਮੁਲਾਜ਼ਮ ਅਤੇ ਪੈਨਸ਼ਨਰ ਸਾਂਝੇ ਫਰੰਟ ਵੱਲੋਂ ਮੁੱਖ ਮੰਤਰੀ ਦੁਆਰਾ ਮੀਟਿਗਾਂ ਦੇ ਕੇ ਵਾਰ ਵਾਰ ਮੁਕਰਨ ਦੇ ਖਿਲਾਫ ਸਰਕਾਰ ਦੇ ਲਾਰਿਆਂ ਦੀ ਪੰਡ ਫੂਕਣ ਦੇ ਸੱਦੇ ਤਹਿਤ ਸਥਾਨਕ ਗੜਸ਼ੰਕਰ ਵਿਖੇ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝੇ ਫਰੰਟ ਦੀ ਇਕਾਈ ਵੱਲੋਂ ਮੱਖਣ ਸਿੰਘ ਮੋਇਲਾ ਵਾਹਿਦਪੁਰ, ਮੁਕੇਸ਼ ਕੁਮਾਰ, ਅਮਰੀਕ ਸਿੰਘ, ਸਰੂਪ ਚੰਦ, ਸੁਖਦੇਵ ਡਾਨਸੀਵਾਲ, ਬਲਵੀਰ ਖਾਨਪੁਰੀ, ਪਵਨ ਗੋਇਲ,ਸ਼ਰਮੀਲਾ ਰਾਣੀ ਦੀ ਅਗਵਾਈ ਵਿੱਚ ਸਥਾਨਕ ਬੱਸ ਅੱਡੇ 'ਤੇ ਰੋਸ ਰੈਲੀ ਕਰਨ ਉਪਰੰਤ ਕੋਰਟ ਕੰਪਲੈਕਸ ਅੱਗੇ ਪੰਜਾਬ ਸਰਕਾਰ ਦੇ ਲਾਰਿਆਂ ਦੀ ਪੰਡ ਫੂਕੀ।ਇਸ ਵੇਲੇ ਰੈਲੀ ਨੂੰ ਸੰਬੋਧਨ ਕਰਦਿਆਂ ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਵਿਸ਼ਵ ਵਪਾਰ ਸੰਸਥਾ ਅਤੇ ਵਿਦੇਸ਼ੀ ਕਾਰਪੋਰੇਟਾਂ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਦੇਸ਼ ਵਿੱਚ ਧੜੱਲੇ ਨਾਲ ਲਾਗੂ ਕੀਤੀਆਂ ਜਾ ਰਹੀਆਂ ਆਰਥਿਕ ਨੀਤੀਆਂ ਕਾਰਨ ਵੱਖ-ਵੱਖ ਤਬਕਿਆਂ ਦਾ ਜੀਉਣਾ ਦੁੱਭਰ ਹੋਇਆ ਪਿਆ ਹੈ।ਉਹਨਾਂ ਕਿਹਾ ਕਿ ਪੰਜਾਬ ਦੇ ਮੁਲਾਜ਼ਮਾਂ ਦੀਆਂ ਅਹਿਮ ਮੰਗਾਂ ਪੇਂਡੂ ਭੱਤਾ, ਪੁਰਾਣੀ ਪੈਨਸ਼ਨ ਸਕੀਮ, ਨਵੇਂ ਮੁਲਾਜ਼ਮਾਂ 'ਤੇ ਪੰਜਾਬ ਸਕੇਲ ਲਾਗੂ ਕਰਨ, ਡੀ.ਏ ਦੀਆਂ ਕਿਸ਼ਤਾਂ, ਪੇ ਕਮਿਸ਼ਨ ਦਾ ਬਕਾਇਆ, ਪੈਨਸ਼ਨਰਾਂ ਤੇ 2.59 ਦਾ ਗੁਣਾਂਕ ਲਾਗੂ ਕਰਨ, ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਆਦਿ ਮੰਗਾਂ ਮੰਨਣ ਤੋਂ ਲਗਾਤਾਰ ਟਾਲਾ ਵੱਟ ਰਹੀ ਹੈ ਜਿਸ ਖਿਲਾਫ ਲੋਕਾਂ ਵਿੱਚ ਵੱਡੇ ਪੱਧਰ ਤੇ ਰੋਸ ਹੈ, ਉਹਨਾਂ ਕਿਹਾ ਕਿ ਜੇਕਰ ਸਰਕਾਰ ਨੇ ਇਹਨਾਂ ਮੰਗਾਂ ਨੂੰ ਮੰਨਣ ਲਈ ਗੱਲਬਾਤ ਦਾ ਰਸਤਾ ਨਾ ਅਪਣਾਇਆ ਤਾਂ ਜਥੇਬੰਦੀਆਂ ਜਿਮਨੀ ਚੋਣਾਂ ਵਿੱਚ ਸਰਕਾਰ ਨੂੰ ਸਬਕ ਸਿਖਾਉਣਗੀਆਂ।

ਡਾਇਰੀਆ ਦੀ ਬਿਮਾਰੀ ਦੂਸ਼ਿਤ ਪਾਣੀ ਤੇ ਸਫਾਈ ਦੀ ਘਾਟ ਕਾਰਨ ਹੁੰਦੀ : ਡਾ. ਲਹਿੰਬਰ ਰਾਮ

ਫਗਵਾੜਾ (ਡਾ. ਰਮਨ) ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਰਜਿ ਫਗਵਾੜਾ ਦੀ ਇੱਕ ਵਿਸ਼ੇਸ਼ ਬੈਠਕ ਸਿਵਲ ਹਸਪਤਾਲ ਫਗਵਾੜਾ ਵਿਖੇ ਸੀਨੀਅਰ ਮੈਡੀਕਲ ਅਫ਼ਸਰ ਡਾ. ਲਹਿੰਬਰ ਰਾਮ ਅਤੇ ਸੀਨੀਅਰ ਮੈਡੀਕਲ ਅਫ਼ਸਰ ਪੀ ਐਚ ਸੀ ਪਾਂਛਟ ਡਾ. ਰੁਪਿੰਦਰ ਕੌਰ ਦੀ ਯੋਗ ਅਗਵਾਈ ਹੇਠ ਹੋਈ ਇਸ ਬੈਠਕ ਵਿੱਚ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਰਜਿ ਫਗਵਾੜਾ ਦੇ ਸੁਪਰਸਤ ਡਾ. ਅਸ਼ੋਕ ਭਾਟੀਆ, ਚੈਅਰਮੈਨ ਡਾ. ਰਮਨ, ਪ੍ਰਧਾਨ ਡਾ ਕੁਲਦੀਪ ਸਿੰਘ ਧਰਮਕੋਟ, ਸੀਨੀਅਰ ਮੀਤ ਪ੍ਰਧਾਨ ਡਾ. ਬੂਟਾ ਰਾਮ, ਜਰਨਲ ਸਕੱਤਰ ਡਾ. ਧਰਮਵੀਰ ਚੌਹਾਨ, ਸੱਕਤਰ ਡਾ. ਵਿਜੇ ਕੁਮਾਰ, ਖਜਾਨਚੀ ਡਾ. ਪਵਨ ਕੁਮਾਰ ਆਦਿ ਸ਼ਾਮਲ ਹੋਏ। ਇਸ ਮੌਕੇ ਸੀਨੀਅਰ ਮੈਡੀਕਲ ਅਫ਼ਸਰ ਡਾ. ਲਹਿੰਬਰ ਰਾਮ ਨੇ ਡੇਂਗੂ ਮਲੇਰੀਆ ਡਾਇਰੀਏ ਦੇ ਪ੍ਰਤੀ ਗਾਇਡਲਾਈਨ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਡਾਇਰੀਆ ਦੀ ਬਿਮਾਰੀ ਦੂਸ਼ਿਤ ਪਾਣੀ, ਦੂਸ਼ਿਤ ਭੋਜਨ ਅਤੇ ਸਫਾਈ ਦੀ ਘਾਟ ਕਾਰਨ ਹੁੰਦੀ ਹੈ ਜੇਕਰ ਦਸਤ ਨੂੰ ਸਮੇਂ ਸਿਰ ਨਾ ਰੋਕਿਆ ਜਾਵੇ ਤਾਂ ਇਹ ਗੰਭੀਰ ਰੂਪ ਧਾਰਨ ਕਰ ਸਕਦਾ ਹੈ। ਇਸ ਮੌਕੇ ਡਾ. ਲਹਿੰਬਰ ਰਾਮ ਨੇ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਨੂੰ ਅਪੀਲ ਕੀਤੀ ਕਿ ਜੇਕਰ ਉਨ੍ਹਾਂ ਨੂੰ ਆਸ ਪਾਸ 'ਚ ਡੇਂਗੂ ਦਾ ਕੋਈ ਸ਼ੱਕੀ ਮਰੀਜ਼ ਪਾਇਆ ਜਾਵੇ ਤਾਂ ਉਨ੍ਹਾਂ ਦੀ ਤੁਰੰਤ ਸੂਚਨਾ ਸਰਕਾਰੀ ਹਸਪਤਾਲ ਫਗਵਾੜਾ ਵਿਖੇ ਦਿੱਤੀ ਜਾਵੇ ਤਾਂ ਜੋ ਸਹੀ ਸਮੇਂ 'ਤੇ ਮਰੀਜ਼ ਦਾ ਇਲਾਜ ਹੋ ਸਕੇ।

ਸੂਬੇ ਅੰਦਰ ਨਸ਼ਿਆਂ ਤੇ ਗੈਰ-ਕਾਨੂੰਨੀ ਮਾਈਨਿੰਗ ਦਾ ਧੰਦਾ ਜ਼ੋਰਾਂ 'ਤੇ : ਗੁਰਮੇਸ਼ ਸਿੰਘ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)-ਸੀ.ਪੀ.ਆਈ (ਐਮ) ਤਹਿਸੀਲ ਕਮੇਟੀ ਹੁਸ਼ਿਆਰਪੁਰ ਦੀ ਮੀਟਿੰਗ ਸਾਥੀ ਸੰਤੋਖ ਸਿੰਘ ਭੀਲੋਵਾਲ ਦੀ ਪ੍ਰਧਾਨਗੀ ਹੇਠ ਸ਼ਹੀਦ ਸਾਥੀ ਚੰਨਣ ਸਿੰਘ ਧੂਤ ਭਵਨ ਵਿਖੇ ਕੀਤੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਸੂਬਾ ਕਮੇਟੀ ਮੈਂਬਰ ਸਾਥੀ ਗੁਰਮੇਸ਼ ਸਿੰਘ ਨੇ ਪਾਰਲੀਮੈਂਟ ਚੋਣਾਂ ਵਿੱਚ ਦੇਸ਼ ਦੇ ਵੋਟਰਾਂ ਵਲੋਂ ਬੀ.ਜੇ.ਪੀ. ਨੂੰ ਲਾਏ ਵੱਡੇ ਝਟਕੇ ਬਾਰੇ ਅਤੇ ਆਈ.ਐਨ.ਡੀ.ਆਈ.ਏ. ਬਲਾਕ ਨੂੰ ਤਗੜਾ ਕਰਦਿਆਂ ਮਜ਼ਬੂਤ ਵਿਰੋਧੀ ਧਿਰ ਦੇ ਸਾਹਮਣੇ ਉਭਰ ਕੇ ਆਉਣ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ। ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਦੀ ਸਥਿਤੀ ਬਾਰੇ ਬੋਲਦਿਆਂ ਸਾਥੀ ਨੇ ਕਿਹਾ ਕਿ ਪੰਜਾਬ ਅੰਦਰ ਨਾ ਤਾਂ ਨਸ਼ਿਆਂ ਨੂੰ ਕੋਈ ਠੱਲ੍ਹ ਪਈ ਹੈ, ਗੈਰ-ਕਾਨੂੰਨੀ ਮਾਈਨਿੰਗ ਦਾ ਧੰਦਾ ਪੂਰੇ ਜ਼ੋਰ ਨਾਲ ਚੱਲ ਰਿਹਾ ਹੈ, ਅਮਨ ਕਾਨੂੰਨ ਦੀ ਸਥਿਤੀ ਦਿਨੋ ਦਿਨ ਖਰਾਬ ਹੋ ਰਹੀ ਹੈ, ਭ੍ਰਿਸ਼ਟਾਚਾਰ ਵਿੱਚ ਕੋਈ ਕਮੀ ਨਹੀ ਆਈ, ਬੇਰੁਜ਼ਗਾਰੀ ਅਤੇ ਦੂਸਰੇ ਮਸਲੇ ਗੰਭੀਰ ਹੁੰਦੇ ਜਾ ਰਹੇ ਹਨ।ਮੀਟਿੰਗ ਵਿੱਚ ਹਾਜ਼ਰ ਸਾਥੀ ਮਹਿੰਦਰ ਕੁਮਾਰ ਬੱਢੋਆਣ ਨੇ ਜਨਤਕ ਜੱਥੇਬੰਦੀਆਂ ਦੀ ਮਜ਼ਬੂਤੀ, ਸੰਘਰਸ਼ਾਂ ਨੂੰ ਤੇਜ਼ ਕਰਨ ਦੇ ਨਾਲ-ਨਾਲ ਸਾਥੀਆਂ ਦੇ ਵਿਚਾਰਧਾਰਕ ਪੱਧਰ ਨੂੰ ਉੱਚਾ ਚੁੱਕਣ ਤੇ ਜ਼ੋਰ ਦਿੱਤਾ। ਤਹਿਸੀਲ ਸਕੱਤਰ ਸਾਥੀ ਕਮਲਜੀਤ ਸਿੰਘ ਰਾਜਪੁਰ ਭਾਈਆਂ ਦੀ ਬਿਮਾਰੀ ਕਾਰਨ ਉਸ ਦੀ ਮੀਟਿੰਗ ਵਿੱਚ ਗੈਰ ਮੌਜੂਦਗੀ ਕਾਰਨ ਮੀਟਿੰਗ ਦੇ ਫੈਸਲਿਆਂ ਦੀ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਸਾਥੀ ਬਲਵਿੰਦਰ ਸਿੰਘ ਨੇ ਦੱਸਿਆ ਕਿ ਮੀਟਿੰਗ ਨੇ ਆਪਣੇ ਪਿਛਲੇ ਕੰਮਾਂ ਅਤੇ ਐਕਸ਼ਨਾਂ ਦੀ ਸਮੀਖਿਆ ਕੀਤੀ। 9 ਅਗਸਤ ਨੂੰ "ਅੰਗਰੇਜ਼ੋ ਭਾਰਤ ਛੱਡੋ' ਦੀ ਤਰਜ 'ਤੇ " ਕਾਰਪੋਰੇਟ ਅਤੇ ਸਾਮਰਾਜੀਓ ਸਾਡੇ ਦੇਸ਼ ਨੂੰ ਛੱਡੋ" ਦੇ ਨਾਰ੍ਹੇ ਤਹਿਤ ਗ੍ਰੀਨ ਵਿਊ ਪਾਰਕ ਵਿੱਚ ਇਕੱਠੇ ਹੋ ਕੇ ਮਿਨੀ ਸਕੱਤਰੇਤ ਵੱਲ ਨੂੰ ਮਾਰਚ ਕਰਨ ਦਾ ਜੋ ਫੈਸਲਾ ਹੈ, ਉਸ ਵਿੱਚ ਵੱਧ ਤੋਂ ਵੱਧ ਸਾਥੀਆਂ ਨੂੰ ਸ਼ਾਮਿਲ ਕਰਨ ਲਈ ਕਿਹਾ ਗਿਆ। ਆ ਰਹੀ ਪਾਰਟੀ ਦੀ 24ਵੀਂ ਕਾਂਗਰਸ ਦੇ ਸ਼ਡਿਊਲ ਅਨੁਸਾਰ ਸਤੰਬਰ ਵਿੱਚ ਬ੍ਰਾਂਚ ਕਾਨਫਰੰਸਾਂ ਕਰਨ ਦੀਆਂ ਤਰੀਕਾਂ ਨਿਸ਼ਚਿਤ ਕੀਤੀਆਂ ਗਈਆਂ। ਤਹਿਸੀਲ ਕਾਨਫਰੰਸ ਜੋ 10 ਅਕਤੂਬਰ 2024 ਨੂੰ ਪਿੰਡ ਬੱਸੀ ਦੌਲਤ ਖਾਂ ਵਿੱਚ ਕੀਤੀ ਜਾ ਰਹੀ ਹੈ, ਲਈ ਸਾਥੀਆਂ ਦੀਆਂ ਡਿਊਟੀਆਂ ਲਗਾਈਆਂ ਗਈਆਂ। "ਲੋਕ ਲਹਿਰ" ਦੀ ਗਿਣਤੀ ਵਧਾਉਣ ਦੀ ਸਾਥੀਆਂ ਨੂੰ ਅਪੀਲ ਕੀਤੀ ਗਈ, ਮੌਕੇ 'ਤੇ 3 ਸਾਥੀਆਂ ਨੇ ਸਾਲ ਲਈ ਚੰਦਾ ਜਮ੍ਹਾਂ ਕਰਵਾਇਆ। 14 ਅਗਸਤ ਦੇ ਰਾਤ ਦੇ ਜਾਗਰਣ ਬਾਰੇ ਵੀ ਵਿਚਾਰਾਂ ਕੀਤੀਆਂ ਗਈਆਂ। ਇਨ੍ਹਾਂ ਕਾਨਫਰੰਸਾਂ ਸਮੇਂ ਪਾਰਟੀ ਫੰਡ ਵੀ ਇੱਕਠਾ ਕਰਨ ਦਾ ਫੈਸਲਾ ਕੀਤਾ ਗਿਆ। ਮੀਟਿੰਗ ਵਿੱਚ ਪ੍ਰੇਮਲਤਾ, ਸੁਰਿੰਦਰ ਕੌਰ, ਰਾਜਰਾਣੀ, ਮਹਿੰਦਰ ਸਿੰਘ ਭੀਲੋਵਾਲ, ਪਰਸਨ ਸਿੰਘ ਲਹਿਲੀਕਲਾਂ, ਇੰਦਰਪਾਲ ਸਿੰਘ ਅਹਿਰਾਣਾ, ਗੁਰਮੀਤ ਰਾਮ ਕਾਣੇ, ਤੀਰਥ ਸਿੰਘ ਸਤੌਰ, ਧਨਪੱਤ ਬੱਸੀ ਦੌਲਤ ਖਾਂ ਅਤੇ ਜੋਗਿੰਦਰ ਭੱਟੀ ਰਾਜਪੁਰ ਭਾਈਆਂ ਆਦਿ ਸਾਥੀ ਹਾਜ਼ਰ ਸਨ।

ਸੇਂਟ ਸੋਲਜਰ ਦੀਆਂ ਵਿਦਿਆਰਥਣਾਂ ਨੇ ਤੀਆਂ ਦਾ ਤਿਉਹਾਰ ਮਨਾਇਆ

ਜਲੰਧਰ, (ਇਕਬਾਲ ਸਿੰਘ ਉੱਭੀ) ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ, ਮਾਨ ਨਗਰ ਵਿਖੇ ਹਰਿਆਲੀ ਤੀਜ ਬੜੀ ਧੂਮਧਾਮ ਨਾਲ ਮਨਾਈ ਗਈ।ਇਸ ਨੂੰ ਮਨਾਉਣ ਲਈ ਸਕੂਲ ਦੀਆਂ ਵਿਦਿਆਰਥਣਾਂ ਅਤੇ ਸਮੂਹ ਸਟਾਫ਼ ਸੱਭਿਆਚਾਰਕ ਪਹਿਰਾਵੇ ਵਿੱਚ ਸਕੂਲ ਪਹੁੰਚੇ।ਇਸ ਸ਼ੁਭ ਮੌਕੇ ਦੇ ਮੁੱਖ ਮਹਿਮਾਨ ਗਰੁੱਪ ਦੀ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਸਨ।ਸਕੂਲ ਦੀ ਪ੍ਰਿੰਸੀਪਲ ਅੰਬਿਕਾ ਸ਼ਰਮਾ, ਸਟਾਫ਼ ਮੈਂਬਰਾਂ ਅਤੇ ਵਿਦਿਆਰਥੀਆਂ ਵੱਲੋਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ।

ਇਸ ਮੌਕੇ ਵਿਦਿਆਰਥੀਆਂ ਨੇ ਲੋਕ ਗੀਤ, ਬੋਲੀਆਂ, ਗਿੱਧਾ, ਭੰਗੜਾ ਅਤੇ ਮਾਡਲਿੰਗ ਪੇਸ਼ ਕਰਕੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਪ੍ਰੋਗਰਾਮ 'ਚ ਵਿਦਿਆਰਥੀਆਂ ਵੱਲੋਂ ਪੁਰਾਣੇ ਪੰਜਾਬ ਦੀ ਝਲਕ ਦਿਖਾਉਣ ਲਈ ਫੁਲਕਾਰੀਆਂ, ਛੱਜ, ਚਾਟੀਆਂ, ਮਧਾਣੀਆਂ ਆਦਿ ਸਜਾਈਆਂ ਗਈਆਂ।ਪ੍ਰੋਗਰਾਮ ਤੋਂ ਬਾਅਦ ਵਿਦਿਆਰਥੀਆਂ ਅਤੇ ਸਟਾਫ਼ ਮੈਂਬਰਾਂ ਨੂੰ ਵੱਖ-ਵੱਖ ਤਰ੍ਹਾਂ ਦੇ ਖਿਤਾਬ ਦਿੱਤੇ ਗਏ। ਇਸ ਮੌਕੇ ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਸਾਰਿਆਂ ਨੂੰ ਵਧਾਈ ਦਿੱਤੀ ਤੇ ਇਸ ਦਿਨ ਦੀ ਮਹੱਤਤਾ ਬਾਰੇ ਦੱਸਿਆ।

ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਵੱਲੋਂ ਤਹਿਸੀਲ ਪੱਧਰੀ ਰੈਲੀ

ਹੁਸ਼ਿਆਰਪੁਰ, (ਓਮ ਪ੍ਰਕਾਸ਼ ਰਾਣਾ) ਮੁੱਖ ਮੰਤਰੀ ਪੰਜਾਬ ਵਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਹੱਲ ਕਰਨ ਦੀ ਥਾਂ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਨੂੰ ਵਾਰ-ਵਾਰ ਮੀਟਿੰਗ ਦਾ ਸਮਾਂ ਦੇ ਕੇ ਮੀਟਿੰਗਾਂ ਰੱਦ ਕਰਨ ਦੇ ਵਿਰੋਧ ਵਿੱਚ ਮੁਲਾਜ਼ਮ-ਪੈਨਸ਼ਨਰ ਵਰਗ ਵਲੋਂ ਸਰਕਾਰ ਵਿਰੁੱਧ ਆਪਣੇ ਰੋਹ ਦਾ ਪ੍ਰਗਟਾਵਾ ਕਰਨ ਲਈ ਮਿਤੀ 5-6 ਅਗਸਤ ਨੂੰ ਸੂਬੇ ਅੰਦਰ ਥਾਂ-ਥਾਂ ਤੇ ਸਰਕਾਰ ਦੀਆਂ ਅਰਥੀਆਂ ਅਤੇ ਲਾਰਿਆਂ ਦੀਆਂ ਪੰਡਾਂ ਫੂਕਣ ਦਾ ਸੰਘਰਸ਼ ਉਲੀਕਿਆ ਗਿਆ। ਇਸ ਸੰਘਰਸ਼ ਦੇ ਤਹਿਤ ਸਾਂਝਾ ਫਰੰਟ ਤਹਿਸੀਲ ਹੁਸ਼ਿਆਰਪੁਰ ਵਲੋਂ ਮਿੰਨੀ ਸਕੱਤਰੇਤ ਵਿਖੇ ਪੈਨਸ਼ਨਰਜ਼ ਵੈਲਫੇਅਰ ਐਸੋਸੀਏਸ਼ਨ ਆਗੂ ਸ਼ਮਸ਼ੇਰ ਸਿੰਘ ਧਾਮੀ, ਪ.ਸ.ਸ.ਫ਼. ਦੇ ਤਹਿਸੀਲ ਪ੍ਰਧਾਨ ਰਕੇਸ਼ ਕੁਮਾਰ ਮਹਿਲਾਂਵਾਲੀ, ਪੰਜਾਬ ਪੈਨਸ਼ਨਰਜ਼ ਯੂਨੀਅਨ ਆਗੂ ਬਿੱਕਰ ਸਿੰਘ, ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਆਗੂ ਦਵਿੰਦਰ ਸਿੰਘ, ਪੰਜਾਬ ਰੋਡਵੇਜ਼ ਪੈਨਸ਼ਨਰਜ਼ ਅਤੇ ਫੈਮਲੀ ਪੈਨਸ਼ਨਰ ਵੈਲਫੇਅਰ ਐਸੋਸੀਏਸ਼ਨ ਆਗੂ ਕਮਲਜੀਤ ਸਿੰਘ, ਡੀ.ਐਮ.ਐਫ. ਆਗੂ ਬਲਜੀਤ ਸਿੰਘ ਦੀ ਅਗਵਾਈ ਹੇਠ ਰੈਲੀ ਕੀਤੀ ਗਈ ਅਤੇ ਸਰਕਾਰ ਦੇ ਲਾਰਿਆਂ ਦੀ ਪੰਡ ਫੂਕੀ ਗਈ। ਇਸ ਮੌਕੇ ਸੰਬੋਧਨ ਕਰਦਿਆਂ ਸਾਂਝੇ ਫਰੰਟ ਦੇ ਸੂਬਾ ਕਨਵੀਨਰ ਸਾਥੀ ਸਤੀਸ਼ ਰਾਣਾ ਨੇ ਕਿਹਾ ਕਿ ਜਲੰਧਰ ਜਿਮਨੀ ਚੋਣ ਮੌਕੇ ਝੰਡਾ ਮਾਰਚ ਦੇ ਦਬਅ ਹੇਠ ਮੁੱਖ ਮੰਤਰੀ ਵੱਲੋਂ ਵਾਰ-ਵਾਰ ਮੀਟਿੰਗਾਂ ਰੱਦ ਕਰਕਨ ਦਾ ਮਤਲਬ ਹੈ ਕਿ ਮੁੱਖ ਮੰਤਰੀ ਅਤੇ ਪੂਰੀ ਸਰਕਾਰ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਨੂੰ ਹੱਲ ਨਹੀਂ ਕਰਨਾ ਚਾਹੁੰਦੀ। ਉਹਨਾਂ ਕਿਹਾ ਕਿ 10 ਅਗਸਤ ਨੂੰ ਲੁਧਿਆਣਾ ਵਿਖੇ ਸੂਬਾਈ ਮੀਟਿੰਗ ਕਰਕੇ ਅਗਲੇ ਤਿੱਖੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ। ਇਸ ਮੌਕੇ ਸੰਬੋਧਨ ਕਰਦਿਆ ਵੱਖ ਵੱਖ ਆਗੂਆਂ ਇੰਦਰਜੀਤ ਵਿਰਦੀ, ਮਨਜੀਤ ਸਿੰਘ ਸੈਣੀ, ਸੂਰਜ ਪ੍ਰਕਾਸ਼ ਅਨੰਦ, ਅਮਰੀਕ ਸਿੰਘ, ਅਮਰ ਸਿੰਘ, ਨੰਦ ਰਾਮ, ਪ੍ਰਦੁਮਣ ਸਿੰਘ ਖਰਾਲ, ਸੰਦੀਪ ਸਿੰਘ, ਵੱਲੋਂ ਸਰਕਾਰ ਤੋਂ ਮੰਗ ਕੀਤੀ ਗਈ ਕਿ ਹਰ ਪ੍ਰਕਾਰ ਦੇ ਕੱਚੇ ਮੁਲਾਜ਼ਮਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕੀਤਾ ਜਾਵੇ। ਰੈਲੀ ਦੇ ਅੰਤ ਵਿੱਚ ਮਾਰਚ ਕਰਕੇ ਮਿੰਨੀ ਸਕੱਤਰੇਤ ਦੇ ਗੇਟ ਅੱਗੇ ਸਰਕਾਰ ਦੇ ਝੂਠੇ ਲਾਰਿਆਂ ਦੀ ਪੰਡ ਨਾਅਰਿਆਂ ਦੀ ਗੂੰਜ ਵਿੱਚ ਫੂਕੀ ਗਈ।

ਵਿਧਾਇਕ ਘੁੰਮਣ ਨੇ ਚਮੂਹੀ 'ਚ ਆਮ ਆਦਮੀ ਕਲੀਨਿਕ ਦਾ ਕੀਤਾ ਉਦਘਾਟਨ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ) ਪੰਜਾਬ ਸਰਕਾਰ ਕੰਢੀ ਖ਼ੇਤਰ 'ਚ ਬਿਹਤਰ ਅਤੇ ਮਿਆਰੀ ਸਿਹਤ ਸੁਵਿਧਾਵਾਂ ਪ੍ਰਦਾਨ ਕਰਵਾਉਣ ਲਈ ਯਤਨਸ਼ੀਲ ਹੈ, ਸਿਹਤ ਖ਼ੇਤਰ 'ਚ ਆਮ ਆਦਮੀ ਕਲੀਨਿਕ ਅਹਿਮ ਯੋਗਦਾਨ ਨਿਭਾਅ ਰਹੇ ਹਨ। ਇਹ ਦਾਅਵਾ ਹਲ਼ਕਾ ਵਿਧਾਇਕ ਐਡ ਕਰਮਬੀਰ ਘੁੰਮਣ ਨੇ ਨੀਮ ਪਹਾੜੀ ਪਿੰਡ ਚਮੂਹੀ ਵਿਖੇ ਨਵੇਂ ਬਣੇ ਆਮ ਆਦਮੀ ਕਲੀਨਿਕ ਦਾ ਉਦਘਾਟਨ ਕਰਨ ਉਪਰੰਤ ਪਿੰਡ ਵਾਸੀਆਂ ਦੇ ਮੁਖਾਤਿਬ ਹੁੰਦਿਆਂ ਕੀਤਾ।ਉਨ੍ਹਾਂ ਆਮ ਆਦਮੀ ਕਲੀਨਿਕਾਂ ਨੂੰ 'ਆਪ' ਸਰਕਾਰ ਦਾ ਕ੍ਰਾਂਤੀਕਾਰੀ ਕਦਮ ਦਸਿਆ। ਸ੍ਰੀ ਘੁੰਮਣ ਨੇ ਕਿਹਾ ਕਿ ਪੀ ਐਚ ਸੀ ਕਮਾਹੀ ਦੇਵੀ ਅਧੀਨ ਆਉਂਦੇ ਪਿੰਡ ਚਮੂਹੀ ਵਾਸੀਆਂ ਦੀ ਚਿਰਾਂ ਤੋਂ ਬਿਹਤਰ ਸੁਵਿਧਾਵਾਂ ਦੀ ਮੰਗ ਸੀ, ਜਿਸ ਨੂੰ ਮੁੱਖ ਮੰਤਰੀ ਭਗਵੰਤ ਮਾਨ ਦੀ ਦੁਰਅੰਦੇਸ਼ੀ ਸਰਕਾਰ ਸਦਕਾ ਬੂਰ ਪਿਆ ਹੈ।ਨਵੇਂ ਖੁੱਲ੍ਹੇ ਕਲੀਨਿਕ 'ਚ ਮੈਡੀਕਲ ਅਫਸਰ, ਫਾਰਮਾਸਿਸਟ, ਲੈਬ ਟੈਕਨੀਸ਼ਨ ਅਤੇ ਕਲੀਨਿਕਲ ਸਹਾਇਕ ਲੋਕਾਂ ਨੂੰ ਸੇਵਾਵਾਂ ਪ੍ਰਦਾਨ ਕਰਨਗੇ। ਹੋਰਨਾਂ ਤੋਂ ਇਲਾਵਾ ਇਸ ਮੌਕੇ ਐਚ ਆਈ ਰਾਕੇਸ਼ ਅਤੇ ਰਵਿੰਦਰ ਕੁਮਾਰ, ਐਲ ਐਚਵੀ ਪਰਮਜੀਤ ਕੌਰ, ਐਸ ਐਮ ਓ ਹਾਜੀਪੁਰ ਡਾ. ਹਰਵਿੰਦਰ ਸਿੰਘ, ਸਰਪੰਚ ਪਵਨ ਕੁਮਾਰ ਚਮੂਹੀ, ਸਰਪੰਚ ਰਮਨ ਗੋਲਡੀ ਬਹਿਚੂਹੜ ਆਦਿ ਤੋਂ ਇਲਾਵਾ 'ਆਪ' ਵਰਕਰ ਅਤੇ ਪਿੰਡ ਵਾਸੀ ਹਾਜ਼ਰ ਸਨ।

ਬਿਜਲੀ ਮੁਲਾਜ਼ਮ ਜਥੇਬੰਦੀਆਂ ਨੇ ਕੀਤਾ ਅਰਥੀ ਫੂਕ ਮੁਜ਼ਾਹਰਾ

ਖਰੜ ਅਗਸਤ (ਹਰਨਾਮ ਸਿੰਘ ਡੱਲਾ) ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ

8-AUG-PAGE-10.qxd 8/7/2024 10:54 PM Page 1

ਸਰਕਾਰੀ, ਅਰਧ ਸਰਕਾਰੀ ਤੇ ਕੱਚੇ ਮੁਲਾਜ਼ਮਾਂ ਨੇ ਪੰਡ ਚੁੱਕ ਕੇ ਆਪ ਸਰਕਾਰ ਦਾ ਕੀਤਾ ਪਿੱਟ-ਸਿਆਪਾ

ਨਾਭਾ (ਵਰਿੰਦਰ ਵਰਮਾ)

ਮੁਲਾਜ਼ਮਾਂ ਤੇ ਪੈਨਸ਼ਨਰਜ਼ ਸਾਂਝੇ ਫਰੰਟ ਦੇ ਸੱਦੇ 'ਤੇ ਸਰਕਾਰੀ ਤੇ ਅਰਧ ਸਰਕਾਰੀ ਵਿਭਾਗਾਂ ਦੇ ਮੁਲਾਜ਼ਮਾਂ, ਪੈਨਸ਼ਨਰਾਂ ਅਤੇ ਕੱਚੇ ਮੁਲਾਜ਼ਮਾਂ ਨੇ ਆਪ ਸਰਕਾਰ ਦੇ ਮੁੱਖ ਮੰਤਰੀ ਵੱਲੋਂ ਮੁਲਾਜ਼ਮ ਜਥੇਬੰਦੀਆਂ ਨੂੰ ਮੀਟਿੰਗਾਂ ਦਾ ਸਮਾਂ ਦੇ ਕੇ ਮੀਟਿੰਗਾਂ ਨਾ ਕਰਨ ਦੇ ਵਿਰੋਧ ਵਿੱਚ ਨਗਰ ਕੌਂਸਲ ਦਫਤਰ ਅੱਗੇ ਵਿਸ਼ਾਲ ਰੈਲੀ ਕਰਨ ਉਪਰੰਤ ਮੁੱਖ ਮੰਤਰੀ ਦੇ ਝੂਠੇ ਲਾਰਿਆਂ ਦੀ ਪੰਡ ਚੁੱਕ ਕੇ ਸ਼ਹਿਰ ਵਿੱਚ ਆਪ ਸਰਕਾਰ ਦਾ ਪਿੱਟ ਸਿਆਪਾ ਕੀਤਾ ਤੇ ਇਹ ਪੰਡ ਬਾਬਾ ਸਾਹਿਬ ਅੰਬੇਡਕਰ ਚੌਂਕ ਪਟਿਆਲਾ ਗੇਟ ਵਿਖੇ ਰੈਲੀ ਕਰਕੇ ਫੂਕੀ ਗਈ। ਇਸ ਰੈਲੀ ਦੀ ਅਗਵਾਈ ਸੂਬਾ ਪ੍ਰਧਾਨ ਦਰਸ਼ਨ ਸਿੰਘ ਲੁਬਾਣਾ, ਤਹਿਸੀਲ ਪ੍ਰਧਾਨ ਨਾਭਾ ਵਰਿੰਦਰ ਕੁਮਾਰ ਬੈਣੀ ਨੇ ਕੀਤੀ। ਰੈਲੀ ਵਿੱਚ ਮੁਲਾਜ਼ਮਾਂ, ਪੈਨਸ਼ਨਰਾਂ ਤੇ ਕੱਚੇ ਮੁਲਾਜ਼ਮਾਂ ਦੀਆਂ ਮੰਗਾਂ ਦਾ ਜ਼ਿਕਰ ਕਰਦੇ ਹੋਏ ਦੱਸਿਆ ਕਿ ਆਪ ਸਰਕਾਰ ਨੇ ਕੱਚੇ ਕਰਮੀਆਂ ਨੂੰ ਰੈਗੂਲਰ ਕਰਨ ਦੀ ਜਾਰੀ ਕੀਤੀ ਪਾਲਿਸੀ ਸਿਖਾਉਂਦੀ ਹੈ ਕਿ ਇਸ ਪਾਲਿਸੀ ਤਹਿਤ ਕੋਈ ਵੀ ਕੱਚੇ ਕਰਮੀ ਰੈਗੂਲਰ ਨਹੀਂ ਹੋਵੇਗਾ। ਇਸ ਪਾਲਿਸੀ ਵਿੱਚੋਂ ਆਊਟਸੋਰਸ, ਪਾਰਟ ਟਾਇਮ, ਇਨਲਿਸਟਮੈਂਟ ਮਸਟਰੋਲ 'ਤੇ ਕੰਮ ਕਰਦੇ ਕਰਮੀਆਂ ਨੂੰ ਸ਼ਾਮਲ ਨਹੀਂ ਕੀਤਾ ਗਿਆ। ਪੁਰਾਣੀ ਪੈਨਸ਼ਨ ਬਹਾਲ ਕਰਨ, ਠੇਕੇਦਾਰੀ ਪ੍ਰਥਾ ਖਤਮ ਕਰਨ, ਘੱਟੋ-ਘੱਟ ਉਜਰਤ 26000 ਰੁਪਏ ਕਰਨ, ਮਹਿੰਗਾਈ ਭੱਤਾ ਦੇਣ, 200 ਰੁਪਏ ਜਜ਼ੀਆ ਟੈਕਸ ਖਤਮ ਕਰਨ, ਦਰਜਾਚਾਰ ਮੁਲਾਜਮਾਂ ਦਾ ਖੋਹਿਆ 2011 ਦੀ ਇੰਕਰੀਮੈਂਟ ਬਹਾਲ ਕਰਨ, ਆਂਗਨਵਾੜੀ, ਮਿੱਡ-ਡੇ-ਮੀਲ ਤੇ ਆਸ਼ਾ ਵਰਕਰਾਂ ਨੂੰ ਤਨਖਾਹ ਸਕੇਲ ਦੇ ਘੇਰੇ ਵਿੱਚ ਲਿਆਉਣ ਵਰਗੀਆਂ ਮੰਗਾਂ ਤੇ ਮੁੱਖ ਮੰਤਰੀ ਵੱਲੋਂ ਟਾਲਾ ਵੱਟਣ ਤੇ ਪੰਜਾਬ ਵਿੱਚ ਝੂਠੇ ਲਾਰਿਆਂ ਦੀਆਂ ਪੰਡਾਂ ਫੂਕੀਆਂ ਜਾ ਰਹੀਆਂ ਹਨ ਅਤੇ 14 ਤੇ 15 ਅਗਸਤ ਨੂੰ ਭੁੱਖ ਹੜਤਾਲਾਂ ਕਰਕੇ ਝੰਡਾ ਲਹਿਰਾਉਣ ਵਾਲੇ ਮੰਤਰੀ ਨੂੰ ਯਾਦ ਪੱਤਰ ਦਿੱਤੇ ਜਾਣਗੇ। ਐਕਸ਼ਨ ਵਿੱਚ ਹੋਰ ਜੋ ਮੁਲਾਜ਼ਮ ਆਗੂ ਸ਼ਾਮਲ ਸਨ ਉਨ੍ਹਾਂ ਨੇ ਨਗਰ ਕੌਂਸਲ ਦੀ ਮੈਨੇਜਮੈਂਟ ਵੱਲੋਂ ਕੀਤੀ ਜਾ ਰਹੀ ਵਧੀਕੀ ਵਿਰੁੱਧ ਅਤੇ ਮੰਗਾਂ ਨਾ ਮੰਨਣ 'ਤੇ ਰੋਸ ਪ੍ਰਗਟ ਕੀਤਾ।

ਇਸ ਮੌਕੇ ਜੋ ਆਗੂ ਸ਼ਾਮਲ ਸਨ ਉਨ੍ਹਾਂ ਵਿੱਚ ਨਰੰਗ ਸਿੰਘ, ਜਗਮੋਹਨ ਨੌਲੱਖਾ, ਦੀਪ ਚੰਦ ਹੰਸ, ਵੇਦ ਪ੍ਰਕਾਸ਼ ਕਾਲੀ, ਰਾਮ ਲਾਲ ਰਾਮਾ, ਲਖਵੀਰ ਸਿੰਘ ਲੱਕੀ, ਸੁਨੀਲ ਗਾਗਟ, ਪ੍ਰਕਾਸ਼ ਸਿੰਘ ਲੁਬਾਣਾ, ਸੁਨੀਲ ਕੁਮਾਰ ਚੀਨੂ, ਸੋਹਣ ਸਿੰਘ ਸਿੱਧੂ, ਬਲਵੀਰ ਸਿੰਘ, ਅਜੇ ਕੁਮਾਰ ਭਿੰਡੀ, ਪ੍ਰੀਤਮ ਚੰਦ ਠਾਕੁਰ, ਸ਼ਿਵ ਚਰਨ, ਇੰਦਰਪਾਲ ਸਿੰਘ, ਬਲਵਿੰਦਰ ਸਿੰਘ, ਰਾਜੇਸ਼ ਗੋਲੂ, ਦਰਸ਼ਨ ਸਿੰਘ, ਗੁਰਦਰਸ਼ਨ ਸਿੰਘ, ਜਸਪਾਲ ਸਿੰਘ, ਸੁਰਜੀਤ ਸਿੰਘ, ਰਾਮ ਜੋਧਾ, ਸਿਕੰਦਰ ਸਿੰਘ, ਲਖਵੀਰ ਸਿੰਘ, ਗੋਨੀ, ਪਰਮਜੀਤ, ਕਰਨ, ਗੱਜਣ ਸਿੰਘ, ਪ੍ਰਿੰਸ ਆਦਿ ਹਾਜ਼ਰ ਸਨ।

ਸਰਵਿਸ ਰੋਡ ਉੱਪਰ ਬਣੇ ਕੰਡਿਆਂ ਕਾਰਨ ਲੱਗਦੈ ਜਾਮ, ਸਕੂਲੀ ਵਿਦਿਆਰਥੀ ਤੇ ਐਮਰਜੈਂਸੀ ਸੇਵਾਵਾਂ ਪ੍ਰਭਾਵਿਤ

ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)-ਖੰਨਾ ਤੋਂ ਗੋਬਿੰਦਗੜ੍ਹ ਵੱਲ ਨੂੰ ਆ ਰਹੀ ਨੈਸ਼ਨਲ ਹਾਈਵੇ ਨਾਲ ਸਰਵਿਸ ਰੋਡ ਉੱਪਰ ਬਣੇ ਕੰਡਿਆਂ ਕਾਰਨ ਸਰਵਿਸ ਉਪਰ ਸਾਰਾ ਸਾਰਾ ਦਿਨ ਜਾਮ ਲੱਗਾ ਰਹਿੰਦਾ ਜਾਮ ਦਾ ਕਾਰਨ ਅਲੌੜ ਪਿੰਡ ਦੇ ਸਾਹਮਣੇ ਪੀਰ ਗੱਜੂ ਸ਼ਾਹ ਰੋਡ ਉਪਰ ਬਣੀਆ ਫੈਕਟਰੀਆਂ ਵਿੱਚੋਂ ਢੋ-ਢੋਆਈ ਲਈ ਆਉਂਦੇ ਟਰੱਕ ਵੱਡੇ ਟਰਾਲੇ ਜਿਨ੍ਹਾਂ ਦੀ ਗਿਣਤੀ ਸੈਂਕੜਿਆਂ ਵਿੱਚ ਹੁੰਦੀ ਹੈ, ਇਹ ਟਰੱਕ ਅਤੇ ਟਰਾਲੇ ਪੀਰ ਗੱਜੂ ਸ਼ਾਹ ਰੋਡ ਤੋਂ ਭਾਦਲੇ ਦੇ ਰੋਡ ਤੱਕ ਨੈਸ਼ਨਲ ਹਾਈਵੇ 'ਤੇ ਬਣੇ ਪੁਲ ਤੱਕ ਆਊਟ ਸਾਈਡ ਜਾਂਦੇ ਹਨ।ਦੂਸਰਾ ਕਾਰਨ ਸਰਵਿਸ ਰੋਡ ਉੱਪਰ ਬਣੇ ਕੰਡੇ ਤੋਂ ਕੰਡਾ ਕਰਵਾਉਣ ਆਏ ਆਉਂਦੇ ਵੱਡੇ ਟਰਾਲੇ ਅਤੇ ਟਰੱਕ ਜਿਹੜੇ ਕਿ ਘੰਟਿਆਂ ਬੱਧੀ ਸਰਵਿਸ ਰੋਡ ਦੇ ਉੱਪਰ ਖੜ੍ਹੇ ਰਹਿੰਦੇ ਹਨ।ਇਨ੍ਹਾਂ ਕਾਰਨ ਸਾਰਾ ਸਾਰਾ ਦਿਨ ਸਰਵਿਸ ਰੋਡ ਉੱਪਰ ਜਾਮ ਲੱਗਿਆ ਰਹਿੰਦਾ ਹੈ।ਮਜ਼ਦੂਰ ਕਿਸਾਨ ਯੂਨੀਅਨ ਦੇ ਪ੍ਰਧਾਨ ਰਜਿੰਦਰ ਸਿੰਘ ਬੈਨੀਪਾਲ ਅਤੇ ਐਡਵੋਕੇਟ ਜਗਦੀਸ਼ ਸਿੰਘ ਰਾਣਾ ਵੱਲੋਂ ਖੰਨਾ ਪ੍ਰਸ਼ਾਸਨ ਤੋਂ ਮੰਗ ਕੀਤੀ ਗਈ ਹੈ ਕਿ ਸਰਵਿਸ ਰੋਡ ਉੱਪਰ ਚੱਲ ਰਹੇ ਕੰਡਿਆਂ ਵਿੱਚੋਂ ਇੱਕ ਕੰਡਾ ਤਾਂ ਨੈਸ਼ਨਲ ਹਾਈਵੇ ਅਥਾਰਟੀ ਵੱਲੋਂ ਪੱਕੇ ਤੌਰ 'ਤੇ ਪਾਬੰਦੀ ਲਾ ਕੇ ਬੰਦ ਕੀਤਾ ਜਾ ਚੁੱਕਿਆ ਹੈ। ਉਸ ਤੋਂ ਬਾਅਦ ਇਸ ਰੋਡ ਉੱਪਰ ਇੱਕ ਹੋਰ ਦੂਸਰਾ ਕੰਡਾ ਲੱਗ ਗਿਆ ਹੈ।ਨੈਸ਼ਨਲ ਹਾਈਵੇ ਅਥਾਰਟੀ ਵੱਲੋਂ ਬੰਦ ਕੀਤਾ ਕੰਡਾ ਅਜੇ ਵੀ ਚੋਰੀ ਛੁਪੇ ਚੱਲ ਰਿਹਾ ਹੈ ਦੂਸਰਾ ਕੰਡਾ ਜਿਹੜਾ ਕਿ ਪਾਬੰਦੀ ਤੋਂ ਬਾਅਦ ਲੱਗਿਆ ਹੈ।ਉਸ ਉਪਰ ਵੀ ਕਾਰਵਾਈ ਕਰਕੇ ਬੰਦ ਕਰਵਾਇਆ ਜਾਵੇ।ਤਿੰਨ ਤੋਂ ਚਾਰ ਕੰਡੇ ਜਿਹੜੇ ਕਿ ਭਾਦਲਾ ਰੋਡ ਉੱਪਰ ਮੌਜੂਦ ਹਨ ਅਤੇ ਅਲੌੜ ਪਿੰਡ ਦੇ ਸਾਹਮਣੇ ਸਰਵਿਸ ਲੱਗੇ ਹੋਏ ਹਨ, ਭਾਦਲਾ ਰੋਡ ਅਤੇ ਸਰਵਿਸ ਰੋਡ ਨੂੰ ਆਪਣੀ ਨਿੱਜੀ ਪ੍ਰਾਪਟੀ ਦੀ ਤਰ੍ਹਾਂ ਵਰਤ ਰਹੇ ਹਨ।ਰਾਹਗੀਰ, ਸਕੂਲੀ ਬੱਚੇ ਅਤੇ ਐਮਰਜੈਂਸੀ ਸੇਵਾਵਾਂ ਇਨ੍ਹਾਂ ਕੰਡਿਆਂ ਕਾਰਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਹੀਆਂ ਹਨ।ਬੈਨੀਪਾਲ ਅਤੇ ਐਡਵੋਕੇਟ ਜਗਦੀਸ਼ ਸਿੰਘ ਰਾਣਾ ਨੇ ਪ੍ਰਸ਼ਾਸਨ ਤੋਂ ਮੰਗ ਕਰਦਿਆਂ ਕਿਹਾ ਕਿ ਫੈਕਟਰੀ ਵਿੱਚੋਂ ਢੋਆ ਢੁਆਈ ਲਈ ਆ ਰਹੇ ਟਰੱਕ ਜਿਹੜੇ ਕਿ ਆਊਟ ਸਾਈਡ ਆ ਰਹੇ ਹਨ ਅਤੇ ਜਿਹੜੇ ਟਰੱਕ ਕੰਡਾ ਕਰਵਾਉਣ ਲਈ ਘੰਟਿਆਂ ਬੱਧੀ ਸਰਵਿਸ ਰੋਡ ਉੱਪਰ ਖੜ੍ਹਦੇ ਹਨ ਇਨ੍ਹਾਂ ਟਰੱਕਾਂ ਉੱਪਰ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ।

ਪੰਜਾਬੀ ਯੂਨੀਵਰਸਿਟੀ ਵਿਖੇ ਚਾਰ ਅਧਿਕਾਰੀਆਂ ਨੇ ਸੰਭਾਲਿਆ ਅਹੁਦਾ

ਪ੍ਰੋ. ਨਰਿੰਦਰ ਕੌਰ ਮੁਲਤਾਨੀ ਬਣੇ ਡੀਨ ਅਕਾਦਮਿਕ ਮਾਮਲੇ

ਪਟਿਆਲਾ (ਰਾਜਿੰਦਰ ਸਿੰਘ ਬਿੰਦ)-ਪੰਜਾਬੀ ਯੂਨੀਵਰਸਿਟੀ ਵਿਖੇ ਡੀਨ ਅਕਾਦਮਿਕ ਮਾਮਲੇ ਤੇ ਰਜਿਸਟਰਾਰ ਸਮੇਤ ਚਾਰ ਅਧਿਕਾਰੀਆਂ ਨੇ ਆਪਣਾ ਅਹੁਦਾ ਸੰਭਾਲ਼ ਲਿਆ ਹੈ। ਫਿਜ਼ਿਓਥੈਰੇਪੀ ਵਿਭਾਗ ਤੋਂ ਪ੍ਰੋ. ਨਰਿੰਦਰ ਕੌਰ ਮੁਲਤਾਨੀ ਨੇ ਡੀਨ ਅਕਾਦਮਿਕ ਵਜੋਂ ਤੇ ਪ੍ਰੋ. ਸੰਜੀਵ ਪੁਰੀ ਨੇ ਰਜਿਸਟਰਾਰ ਵਜੋਂ ਅਹੁਦਾ ਸੰਭਾਲਿਆ ਹੈ।ਇਸ ਤੋਂ ਇਲਾਵਾ ਡਾ. ਗੁਰਪ੍ਰੀਤ ਸਿੰਘ ਸਿੱਧੂ ਵੱਲੋਂ ਪ੍ਰੀਖਿਆ ਸ਼ਾਖਾ ਵਿਖੇ ਐਡੀਸ਼ਨਲ ਕੰਟਰੋਲਰ ਵਜੋਂ ਤੇ ਡਾ. ਅਨਹਦ ਸਿੰਘ ਗਿੱਲ ਵੱਲੋਂ ਕੋਆਰਡੀਨੇਟਰ ਐੱਨ. ਐੱਸ. ਐੱਸ. ਵਜੋਂ ਅਹੁਦਾ ਸੰਭਾਲਿਆ ਗਿਆ।ਡਾ. ਅਨਹਦ ਗਿੱਲ ਵੱਲੋਂ ਇੰਪੈਨਲਡ ਟ੍ਰੇਨਿੰਗ ਇੰਸਟੀਚੂਟ ਦੇ ਇੰਚਾਰਜ ਵਜੋਂ ਵੀ ਅਹੁਦਾ ਸੰਭਾਲਿਆ ਗਿਆ।ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਵਾਈਸ ਚਾਂਸਲਰ ਸ੍ਰੀ ਕੇ. ਕੇ. ਯਾਦਵ ਵੱਲੋਂ ਇਨ੍ਹਾਂ ਅਹਿਮ ਅਹੁਦਿਆਂ 'ਤੇ ਇਹ ਤਾਇਨਾਤੀਆਂ ਕੀਤੀਆਂ ਗਈਆਂ ਸਨ।ਅਹੁਦਾ ਸੰਭਾਲਣ ਵਾਲੇ ਅਧਿਕਾਰੀਆਂ ਨੂੰ ਵੱਖ-ਵੱਖ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਵਧਾਈ ਦਿੱਤੀ ਗਈ।ਅਹੁਦਾ ਸੰਭਾਲਣ ਵਾਲੇ ਅਧਿਕਾਰੀਆਂ ਨੇ ਆਪਣੇ ਕਾਰਜ ਨੂੰ ਤਨਦੇਹੀ ਨਾਲ ਕਰਨ ਦਾ ਅਹਿਦ ਲਿਆ।

ਟਕਸਾਲੀ ਕਾਂਗਰਸੀਆਂ ਨੇ ਹਲਕਾ ਇੰਚਾਰਜ ਲਗਾਉਣ ਦੀ ਕੀਤੀ ਮੰਗ

ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਸਾਬਕਾ ਹਲਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਦੇ ਕਾਂਗਰਸ ਵਿੱਚੋਂ ਅਸਤੀਫਾ ਦੇ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਤੋਂ ਬਾਅਦ ਕਾਂਗਰਸ ਦੇ ਹਲਕਾ ਇੰਚਾਰਜ ਦੇ ਖਾਲੀ ਪਏ ਅਹੁਦੇ 'ਤੇ ਹਲਕੇ ਦੇ ਜ਼ਿਲ੍ਹਾ ਪ੍ਰੀਸ਼ਦ ਮੈਂਬਰਾਂ ਇੰਦਰਪਾਲ ਸਿੰਘ ਗੋਲਡੀ, ਗੁਰਸੇਵ ਸਿੰਘ ਸੇਬੀ ਕਾਂਝਲਾ ਤੇ ਦੀਦਾਰ ਸਿੰਘ ਰੰਗੀਆਂ ਨੇ ਗੱਲਬਾਤ ਕਰਦਿਆਂ ਸਰਪੰਚ ਹਰਦੀਪ ਸਿੰਘ ਦੌਲਤਪੁਰ ਨੂੰ ਹਲਕਾ ਇੰਚਾਰਜ ਲਗਾਉਣ ਦੀ ਮੰਗ ਕੀਤੀ ਹੈ।ਉਨ੍ਹਾਂ ਕਿਹਾ ਕਿ ਹਲਕੇ ਵਿੱਚ ਕਾਂਗਰਸ ਪਾਰਟੀ ਦਾ ਮੋਢੀ ਨਾ ਹੋਣ ਕਾਰਨ ਜਿੱਥੇ ਕਾਂਗਰਸ ਵਰਕਰ ਮਾਯੂਸੀ ਵਿੱਚ ਹਨ, ਉਥੇ ਆਮ ਲੋਕਾਂ ਤੋਂ ਵੀ ਪਾਰਟੀ ਦੂਰ ਹੁੰਦੀ ਜਾ ਰਹੀ ਹੈ।ਉਨ੍ਹਾਂ ਕਿਹਾ ਕਿ ਹਲਕੇ ਵਿੱਚ ਅਗਾਂਹਵਧੂ ਤੇ ਉੱਦਮੀ ਨੌਜਵਾਨ ਸਰਪੰਚ ਹਰਦੀਪ ਸਿੰਘ ਦੌਲਤਪੁਰ ਵੱਲੋਂ ਕਾਂਗਰਸ ਪਾਰਟੀ ਦਾ ਝੰਡਾ ਚੁੱਕਦਿਆਂ ਜਿੱਥੇ ਕਾਂਗਰਸ ਪਾਰਟੀ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ, ਉਥੇ ਕਾਂਗਰਸ ਪਾਰਟੀ ਦੇ ਨੁਮਾਇੰਦੇ ਵਜੋਂ ਹਲਕੇ ਵਿੱਚ ਸਰਗਰਮੀਆਂ ਕੀਤੀਆਂ ਜਾ ਰਹੀਆਂ ਹਨ।ਉਨ੍ਹਾਂ ਪਾਰਟੀ ਹਾਈ ਕਮਾਂਡ ਤੋਂ ਮੰਗ ਕੀਤੀ ਕਿ ਸਰਪੰਚ ਹਰਦੀਪ ਸਿੰਘ ਦੌਲਤਪੁਰ ਨੂੰ ਹਲਕਾ ਇੰਚਾਰਜ ਲਗਾ ਕੇ ਆਮ ਵਰਕਰਾਂ ਨੂੰ ਮਾਣ ਬਖ਼ਸ਼ਿਆ ਜਾਵੇ। ਦੱਸਣਯੋਗ ਹੈ ਕਿ ਸਰਪੰਚ ਹਰਦੀਪ ਸਿੰਘ ਦੌਲਤਪੁਰ ਵੱਲੋਂ ਕਾਂਗਰਸ ਪਾਰਟੀ ਦੇ ਵਰਕਰ ਵੱਲੋਂ ਜਿੱਥੇ ਹਲਕੇ ਵਿੱਚ ਲੰਮੇ ਸਮੇਂ ਤੋਂ ਆਪਣੀਆਂ ਸਿਆਸੀ ਸਰਗਰਮੀਆਂ ਵਿੱਢੀਆਂ ਹੋਈਆਂ ਹਨ, ਉਥੇ ਉਹ ਯੂਥ ਆਗੂ ਹੋਣ ਦੇ ਨਾਤੇ ਹਲਕੇ ਦੇ ਹਰ ਪਿੰਡ ਤੇ ਸ਼ਹਿਰ ਵਿੱਚ ਆਪਣਾ ਚੰਗਾ ਅਸਰ ਰਸੂਖ ਰੱਖਦੇ ਹਨ।

ਸੁਪੀਰੀਅਰ ਵਰਲਡ ਸਕੂਲ ਵੱਲੋਂ ਦਸਤਾਰ ਸਜਾਉਣ ਮੁਕਾਬਲੇ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਗੜ੍ਹੀ ਤਰਖਾਣਾਂ ਵਿਖੇ ਸਥਿਤ ਸੁਪੀਰੀਅਰ ਵਰਲਡ ਸਕੂਲ ਵਿਖੇ ਦਸਤਾਰ ਸਜਾਉਣ ਦਾ ਮੁਕਾਬਲਾ ਕਰਵਾਇਆ ਗਿਆ ਜਿਸ 'ਚ 7ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਭਾਗ ਲਿਆ। ਮੁਕਾਬਲੇ ਦੌਰਾਨ ਲੜਕਿਆਂ ਨੇ ਦਸਤਾਰਾਂ ਸਜਾਈਆਂ। ਕਰਨਪ੍ਰੀਤ ਸਿੰਘ ਨੇ ਦੱਸਿਆ ਕਿ ਦਸਤਾਰ ਮੁਕਾਬਲੇ 'ਚੋਂ ਵਿਦਿਆਰਥੀ ਅਰਸ਼ਪ੍ਰੀਤ ਸਿੰਘ 8ਵੀਂ, ਹਰਸ਼ਹਜਦੀਪ ਸਿੰਘ 9ਵੀਂ ਅਤੇ ਹਰਗੁਣਦੀਪ ਸਿੰਘ 7ਵੀਂ ਜੇਤੂ ਰਹੇ। ਇਸ ਮੌਕੇ ਇੰਟਰਨੈਸ਼ਨਲ ਗਨੀ ਖਾਂ ਨਵੀ ਖਾਂ ਸੇਵਾ ਸੁਸਾਇਟੀ ਮਾਛੀਵਾੜਾ ਸਾਹਿਬ ਦੇ ਅਹੁਦੇਦਾਰਾਂ ਵਲੋਂ ਦਿ ਸੁਪੀਰੀਅਰ ਵਰਲਡ ਸਕੂਲ ਦੇ ਵਿਦਿਆਰਥੀਆਂ ਦਾ ਸਨਮਾਨ ਕੀਤਾ। ਇਸ ਮੌਕੇ ਸੁਸਾਇਟੀ ਦੇ ਸਮੂਹ ਮੈਂਬਰ ਬਾਬਾ ਮੋਹਨ ਸਿੰਘ, ਮੈਨੇਜਰ ਜਸਵੀਰ ਸਿੰਘ ਮੰਗਲੀ, ਗੁਰਨਾਮ ਸਿੰਘ ਖਾਲਸਾ, ਬਾਬਾ ਮਹਿੰਦਰ ਸਿੰਘ, ਜਸਬੀਰ ਸਿੰਘ ਗਿੱਲ, ਹਰਜਿੰਦਰ ਸਿੰਘ ਗਿੱਲ ਆਦਿ ਹਾਜ਼ਰ ਸਨ। ਜੇਤੂਆਂ ਨੂੰ ਇਨਾਮ ਅਤੇ ਪੰਡਾਂ ਨਾਲ ਸਨਮਾਨਤ ਕੀਤਾ ਗਿਆ। ਪ੍ਰਿੰਸੀਪਲ ਰਸ਼ਮੀ ਸ਼ਰਮਾ ਨੇ ਦੱਸਿਆ ਕਿ ਵਿਦਿਆਰਥੀਆਂ ਨੂੰ ਦਸਤਾਰ ਦੀ ਮਹੱਤਤਾ ਬਾਰੇ ਜਾਣੂ ਕਰਵਾਉਣ ਲਈ ਇਹ ਮੁਕਾਬਲਾ ਕਰਵਾਇਆ ਗਿਆ। ਪ੍ਰਿੰਸੀਪਲ ਰਸ਼ਮੀ ਸ਼ਰਮਾ ਅਤੇ ਭਜਨ ਕੌਰ ਵਲੋਂ ਸਾਰੇ ਜੇਤੂਆਂ ਨੂੰ ਵਧਾਈ ਦਿੱਤੀ। ਇਸ ਸਮੇਂ ਪ੍ਰੀਤੀ ਪਦਮ, ਉਰਵਸ਼ੀ ਰਾਣੀ, ਪਵਨਪ੍ਰੀਤ, ਗਗਨਪ੍ਰੀਤ ਹਾਜ਼ਰ ਸਨ।

ਸਾਬਕਾ ਕੌਂਸਲਰ ਦੀ ਅਗਵਾਈ ਹੇਠ ਸਰਕਾਰ ਖਿਲਾਫ ਧਰਨਾ ਪ੍ਰਦਰਸ਼ਨ

ਲੁਧਿਆਣਾ (ਜਸਦੀਪ ਵਰਤੀਆ)-ਅਮਰਪੁਰਾ, ਹਰਗੋਬਿੰਦਪੁਰਾ ਦੇ ਨਾਲ ਲੱਗਦੀਆਂ ਗਲੀਆਂ ਧਰਮਾਂ ਹਲਵਾਈ ਵਾਲੀ ਗਲੀ, ਗੁਰਦੀਪ ਸਿੰਘ ਚੱਕੀ ਵਾਲੀ ਗਲੀ ਅਤੇ ਗੁਰਦੁਆਰਾ ਸਾਹਿਬ ਵਾਲੀ ਗਲੀ ਵਿੱਚ ਸੀਵਰੇਜ ਬੰਦ ਰਹਿੰਦਾ ਹੈ ਅਤੇ ਇੱਥੋਂ ਦੇ ਨਵਾਂ ਸੀਵਰੇਜ ਪਾਉਣ ਅਤੇ ਗਲੀਆਂ ਬਣਾਉਣ ਦੇ ਐਸਟੀਮੇਟ ਬਣਾਏ ਗਏ ਸਨ। ਪਰ ਇਹ ਐਸਟੀਮੇਟ ਅਫਸਰ ਸਾਹਿਬਾਨ ਵੱਲੋਂ ਰੱਦ ਕਰ ਦਿੱਤੇ ਗਏ। ਪਿਛਲੇ ਢਾਈ ਸਾਲਾਂ ਤੋਂ ਕੋਈ ਵੀ ਡਿਵੈਲਪਮੈਂਟ ਦਾ ਕੰਮ ਨਹੀਂ ਹੋਇਆ ਅਤੇ ਨਾ ਹੀ ਇਨ੍ਹਾਂ ਗਲੀਆਂ ਦੀ ਹਾਲਤ ਵਿਚ ਸੁਧਾਰ ਹੋਇਆ। ਇਨ੍ਹਾਂ ਗਲੀਆਂ ਵਿੱਚ ਬਿਜਲੀ ਦਾ ਵੀ ਬੁਰਾ ਹਾਲ ਹੈ। ਇਨ੍ਹਾਂ ਗਲੀਆਂ ਵਿੱਚ ਨਵੇਂ ਟਰਾਂਸਫਾਰਮ ਲਗਾਉਣ ਦੀ ਜ਼ਰੂਰਤ ਹੈ ਜੋ ਕਿ ਬਿਜਲੀ ਇਥੇ ਪੂਰੀ ਨਹੀਂ ਆਉਂਦੀ, ਲੋਕਾਂ ਦੇ ਟੀਵੀ, ਫਰਿਜ ਅਤੇ ਹੋਰ ਇਲੈਕਟਰੋਨਿਕ ਸਮਾਨ ਵੀ ਸੜ ਚੁੱਕੇ ਹਨ। ਲੋਕਾਂ ਨਾਲ ਬੇਇਨਸਾਫੀ ਕੀਤੀ ਗਈ ਹੈ। ਗਰੀਬ ਲੋਕਾਂ ਦੇ ਨੀਲੇ ਕਾਰਡ ਵੀ ਕੱਟ ਦਿੱਤੇ ਗਏ ਹਨ। ਸੜਕਾਂ ਅਤੇ ਗਲੀਆਂ ਵਿੱਚ ਸਫਾਈ ਦਾ ਨਾਮੋ ਨਿਸ਼ਾਨ ਨਹੀਂ ਹੈ।ਅਫਸਰਸ਼ਾਹੀ ਦੀ ਚਲਦੀ ਹੈ ,ਗਰੀਬ ਜਨਤਾ ਦੀ ਕੋਈ ਸੁਣਵਾਈ ਨਹੀਂ ਹੈ। ਇਨ੍ਹਾਂ ਗੱਲਾਂ ਨੂੰ ਮੁੱਖ ਰੱਖ ਕੇ ਅੱਜ ਗੁਰਦੀਪ ਸਿੰਘ ਨੀਟੂ ਸਾਬਕਾ ਕੌਂਸਲਰ ਦੀ ਅਗਵਾਈ ਹੇਠ ਸਰਕਾਰ ਦੇ ਖਿਲਾਫ ਧਰਨਾ ਪ੍ਰਦਰਸ਼ਨ ਕੀਤਾ ਗਿਆ। ਪਿਛਲੇ ਡੇਢ ਸਾਲ ਤੋਂ ਕੋਈ ਵੀ ਨਗਰ ਨਿਗਮ ਦਾ ਇਲੈਕਸ਼ਨ ਨਹੀਂ ਕਰਾਇਆ ਜਾ ਰਿਹਾ। ਲੋਕਾਂ ਦੀਆਂ ਮੰਗਾਂ ਨੂੰ ਪੂਰਾ ਕਰਵਾਉਣ ਲਈ ਹਰ ਗਲੀ ਮੁਹੱਲੇ ਵਿੱਚ ਪ੍ਰਦਰਸ਼ਨ ਕੀਤਾ ਜਾਵੇਗਾ। ਇਸ ਦੇ ਜ਼ਿੰਮੇਵਾਰ ਅਫਸਰ ਹੋਣਗੇ ਜਾਂ ਲੋਕਾਂ ਦੁਆਰਾ ਚੁਣੀ ਸਰਕਾਰ ਜਿਸ ਵੱਲੋਂ ਕੋਈ ਕੰਮ ਨਹੀਂ ਕਰਾ

8-Aug-PAGE-11-Majha-2024-.qxd 8/7/2024 11:10 PM Page 1

ਪੰਜਾਬ ਸਰਕਾਰ ਨੇ ਢਾਈ ਸਾਲਾਂ 'ਚ 44250 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ: ਸ਼ੈਰੀ ਕਲਸੀ

ਬਟਾਲਾ (ਡਾ. ਮਲਵਿੰਦਰ ਸਿੰਘ)- ਬਟਾਲਾ ਦੇ ਸ਼ੈਰੀ ਕਲਸੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਲਈ ਖਾਸ ਉਪਰਾਲੇ ਕੀਤੇ ਗਏ ਹਨ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਨੇ ਆਪਣੇ ਸਿਰਫ਼ 872 ਦਿਨਾਂ ਦੇ ਕਾਰਜਕਾਲ ਵਿੱਚ ਸੂਬੇ ਦੇ 44,250 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇ ਕੇ ਨਵੇਂ ਮਾਪਦੰਡ ਸਿਰਜੇ ਹਨ, ਜਿਸ ਨਾਲ ਪਿਛਲੇ ਢਾਈ ਸਾਲਾਂ ਵਿੱਚ ਔਸਤਨ ਰੋਜ਼ਾਨਾ 50 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਮਿਲੀਆਂ ਹਨ।ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਇਹ ਨਿਯੁਕਤੀਆਂ ਪੂਰੀ ਤਰ੍ਹਾਂ ਪਾਰਦਰਸ਼ੀ ਪ੍ਰਕਿਰਿਆ ਅਪਨਾਉਣ ਅਤੇ ਨੌਜਵਾਨਾਂ ਵੱਲੋਂ ਬੇਹੱਦ ਮੁਕਾਬਲੇ ਵਾਲੀ ਪ੍ਰੀਖਿਆ ਪਾਸ ਕਰਨ ਮਗਰੋਂ ਨੇਪਰੇ ਚੜ੍ਹੀਆਂ ਹਨ। ਉਨ੍ਹਾਂ ਨੇ ਕਿਹਾ ਕਿ ਸਾਡੀ ਸਰਕਾਰ ਦਾ ਸ਼ੁਰੂ ਤੋਂ ਹੀ ਇਕੋ-ਇਕ ਏਜੰਡਾ ਸਰਕਾਰੀ ਨੌਕਰੀਆਂ ਮੁਹੱਈਆ ਕਰ ਕੇ ਨੌਜਵਾਨਾਂ ਨੂੰ ਵੱਧ ਤੋਂ ਵੱਧ ਅਖ਼ਤਿਆਰ ਦੇਣਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੀਆਂ ਲੋਕ-ਪੱਖੀ ਨੀਤੀਆਂ ਕਾਰਨ ਲੋਕਾਂ ਦਾ ਸਰਕਾਰ ਵਿੱਚ ਵਿਸ਼ਵਾਸ ਵਧਿਆ ਹੈ, ਜਿਸ ਕਾਰਨ ਟੈਕਸ ਦੀ ਉਗਰਾਹੀ ਵਿੱਚ ਵੀ ਚੋਖਾ ਵਾਧਾ ਹੋਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਹੁਣ ਤੱਕ 19 ਟੋਲ ਪਲਾਜ਼ਾ ਬੰਦ ਕਰ ਦਿੱਤੇ ਗਏ ਹਨ, ਜਿਨ੍ਹਾਂ ਵਿੱਚੋਂ ਦੋ ਬੀਤੇ ਕੱਲ੍ਹ ਹੀ ਬੰਦ ਕੀਤੇ ਗਏ ਹਨ। ਇਨ੍ਹਾਂ ਵਿੱਚੋਂ ਬਹੁਤੇ ਟੋਲ ਪਲਾਜ਼ਿਆਂ ਦੇ ਪ੍ਰਬੰਧਕ ਸਮਾਂ ਵਧਾਉਣ ਦੀ ਮੰਗ ਕਰ ਰਹੇ ਸਨ ਪਰ ਵਡੇਰੇ ਜਨਤਕ ਹਿੱਤ ਵਿੱਚ ਇਨ੍ਹਾਂ ਦੀ ਮੰਗ ਨੂੰ ਰੱਦ ਕਰ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਇਹ ਟੋਲ ਪਲਾਜ਼ਾ ਬੰਦ ਹੋਣ ਕਾਰਨ ਪੰਜਾਬ ਵਾਸੀਆਂ ਦੀਆਂ ਜੇਬ੍ਹਾਂ ਵਿੱਚ ਰੋਜ਼ਾਨਾ 63 ਲੱਖ ਰੁਪਏ ਬਚ ਰਹੇ ਹਨ।

ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਪ੍ਰੀਜ਼ੀਡੀਅਮ ਆਗੂਆਂ ਸ੍ਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕਿਆ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)- ਬਾਗੀ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਵੱਲੋਂ ਬਣਾਈ ਗਈ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਪ੍ਰੀਜ਼ੀਡੀਅਮ ਮੈਂਬਰਾਂ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ ਗਿਆ ਤੇ ਗੁਰੂ ਸਾਹਿਬ ਦਾ ਅਸ਼ੀਰਵਾਦ ਲਿਆ।ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਕਨਵੀਨਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਮੌਜੂਦਾ ਸਮੇਂ ਸ਼੍ਰੋਮਣੀ ਅਕਾਲੀ ਦਲ ਗਹਿਰੇ ਸੰਕਟ ਵਿਚੋਂ ਦੀ ਗੁਜ਼ਰ ਰਿਹਾ ਹੈ, ਜਿਸ ਨੂੰ ਲੈ ਕੇ ਪੰਥ-ਦਰਦੀਆਂ ਵਿਚ ਭਾਰੀ ਚਿੰਤਾ ਪਾਈ ਜਾ ਰਹੀ ਹੈ।ਸ਼੍ਰੋਮਣੀ ਅਕਾਲੀ ਦਲ ਨੂੰ ਇਹ ਸੰਕਟ ਵਿਚੋਂ ਕੱਢਣ ਲਈ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਇਸ ਲਈ ਸਾਰਿਆਂ ਦੇ ਸਹਿਯੋਗ ਦੀ ਲੋੜ ਹੈ ਤੇ ਸਾਰਿਆਂ ਦੇ ਸਹਿਯੋਗ ਨਾਲ ਹੀ ਸੁਧਾਰ ਲਹਿਰ ਨੂੰ ਕਾਮਯਾਬ ਕੀਤਾ ਜਾ ਸਕਦਾ ਹੈ।ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਏਜੰਡਾ ਕਿਸੇ ਨਾਲ ਕੋਈ ਜਾਤੀ ਲੜਾਈ ਨਹੀਂ ਸਗੋਂ ਪੰਜਾਬ, ਪੰਜਾਬੀ ਤੇ ਪੰਜਾਬੀਅਤ ਨੂੰ ਬਚਾਉਣ ਤੇ ਅਕਾਲੀ ਦਲ ਨੂੰ ਮਜ਼ਬੂਤ ਕਰਨ ਲਈ ਯਤਨ ਕੀਤੇ ਜਾ ਰਹੇ ਹਨ।ਇਸ ਮੌਕੇ ਸੁਰਜੀਤ ਸਿੰਘ ਰੱਖੜਾ, ਪਰਮਿੰਦਰ ਸਿੰਘ ਢੀਂਡਸਾ, ਜਥੇਦਾਰ ਸੰਤਾ ਸਿੰਘ ਉਮੈਦਪੁਰੀ, ਜਥੇਦਾਰ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ, ਜਥੇਦਾਰ ਸੁੱਚਾ ਸਿੰਘ ਛੋਟੇਪੁਰ, ਭਾਈ ਮਨਜੀਤ ਸਿੰਘ, ਹਰਿੰਦਰ ਪਾਲ ਸਿੰਘ ਚੰਦੂਮਾਜਰਾ, ਗਗਨਜੀਤ ਸਿੰਘ ਬਰਨਾਲਾ, ਬੀਬੀ ਪਰਮਜੀਤ ਕੌਰ ਗੁਲਸ਼ਨ, ਬੀਬੀ ਕਿਰਨਜੀਤ ਕੌਰ, ਚਰਨਜੀਤ ਸਿੰਘ ਬਰਾੜ, ਬੀਬੀ ਪਰਮਜੀਤ ਕੌਰ ਲਾਂਡਰਾ, ਹਰਿੰਦਰ ਪਾਲ ਸਿੰਘ ਟੌਹੜਾ ਆਦਿ ਮੌਜੂਦ ਸਨ।

ਕੇਂਦਰ ਸਰਕਾਰ ਵੱਲੋਂ ਪੰਜਾਬ 'ਚ ਚੱਲ ਰਹੇ ਸੜਕੀ ਪ੍ਰੋਜੈਕਟਾਂ ਨੂੰ ਰੱਦ ਕਰਨ ਸਬੰਧੀ ਆਈਆਂ ਖਬਰਾਂ ਤੋਂ ਲੋਕ ਚਿੰਤਤ

* ਕੇਂਦਰ ਤੇ ਪੰਜਾਬ ਸਰਕਾਰ ਇਸ ਸਬੰਧੀ ਸਥਿਤੀ ਸਪੱਸ਼ਟ ਕਰਨ : ਪ੍ਰਿੰ. ਤਰਸਿੱਕਾ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)—ਕੇਂਦਰ ਸਰਕਾਰ ਵੱਲੋਂ ਪੰਜਾਬ ਵਿੱਚ ਚਲਾਏ ਜਾ ਰਹੇ ਤਿੰਨ ਸੜਕੀ ਪ੍ਰੋਜੈਕਟ ਰੱਦ ਕੀਤੇ ਜਾਣ ਦੀਆਂ ਖਬਰਾਂ ਵਿਚਾਲੇ ਲੋਕ ਭੰਬਲ ਭੂਸੇ ਵਿੱਚ ਪਏ ਹੋਏ ਨਜ਼ਰ ਆ ਰਹੇ ਹਨ ਕਿ ਅਖਬਾਰਾਂ ਅਤੇ ਸੋਸ਼ਲ ਮੀਡੀਆ ਤੇ ਚੱਲ ਰਹੀਆਂ ਖਬਰਾਂ ਵਿੱਚ ਕਿੰਨੀ ਕੁ ਸੱਚਾਈ ਹੈ ਜਿਸ ਸਬੰਧੀ ਅਜੇ ਤੱਕ ਪੰਜਾਬ ਸਰਕਾਰ ਦਾ ਕੋਈ ਪ੍ਰਤੀਕਰਮ ਨਹੀਂ ਆਇਆ ਜਿਸ ਦਾ ਲੋਕ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ।

ਪਿਛਲੇ ਦਿਨੀਂ ਅਖਬਾਰਾਂ ਵਿੱਚ ਜਦੋਂ ਇਹ ਖਬਰ ਆਈ ਕਿ ਕੇਂਦਰ ਸਰਕਾਰ ਵੱਲੋਂ ਚੱਲ ਰਹੇ ਤਿੰਨ ਸੜਕੀ ਪ੍ਰੋਜੈਕਟਾਂ ਨੂੰ ਰੱਦ ਕਰ ਦਿੱਤਾ ਗਿਆ ਹੈ ਤਾਂ ਲੋਕ ਨਿਰਾਸ਼ਾ ਵਿੱਚ ਡੁੱਬ ਗਏ। ਇਨ੍ਹਾਂ ਪ੍ਰੋਜੈਕਟਾਂ ਵਿੱਚ ਇੱਕ ਪ੍ਰੋਜੈਕਟ ਅੰਮ੍ਰਿਤਸਰ ਤੋਂ ਟਾਂਡਾ ਰਾਹੀਂ ਊਨਾ ਤੱਕ ਜਾਣ ਵਾਲਾ ਵੀ ਹੈ ਜਿਸ ਨੇ ਕਈ ਕਸਬਿਆਂ ਦਾ ਉਜਾੜਾ ਕਰਕੇ ਰੱਖ ਦਿੱਤਾ ਪਰ ਲੋਕ ਫਿਰ ਵੀ ਖੁਸ਼ ਹਨ ਕਿ ਚਲੋ ਇਹ ਸੜਕ ਬਣ ਤਾਂ ਰਹੀ ਹੈ। ਪਿਛਲੇ 30-40 ਸਾਲ ਤੋਂ ਆਪਣਾ ਕੰਮ ਚਲਾ ਰਹੇ ਦੁਕਾਨਦਾਰ ਹੁਣ ਕੱਖੋਂ ਹੌਲੇ ਹੋਏ ਪਏ ਹਨ।ਹੁਣ ਨਵੀਆਂ ਖਬਰਾਂ ਅਖਬਾਰਾਂ ਵਿੱਚ ਆਈਆਂ ਹਨ ਕਿ ਕੇਂਦਰ ਸਰਕਾਰ ਵੱਲੋਂ ਇਹ ਸੜਕੀ ਪ੍ਰੋਜੈਕਟ ਰੱਦ ਕਰ ਦਿੱਤੇ ਗਏ ਕਿ ਪੰਜਾਬ ਸਰਕਾਰ ਜ਼ਮੀਨ ਐਕਵਾਇਰ ਨਹੀਂ ਕਰ ਰਹੀ।

ਅਖਬਾਰਾਂ ਦੇ ਹਵਾਲੇ ਨਾਲ ਲੋਕਾਂ ਤੱਕ ਖਬਰ ਆਈ ਸੀ ਕਿ ਰਾਜਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਵੱਲੋਂ ਜਦੋਂ ਰੋਡਾਂ ਦੇ ਕੰਮ ਬਾਰੇ ਕੇਂਦਰ ਸਰਕਾਰ ਤੋਂ ਜਵਾਬ ਮੰਗਿਆ ਗਿਆ ਤਾਂ ਕੇਂਦਰੀ ਮੰਤਰੀ ਨਿਤਨ ਗਡਕਰੀ ਨੇ ਜਵਾਬ ਦਿੱਤਾ ਕਿ ਨੈਸ਼ਨਲ ਹਾਈਵੇਜ ਅਥਾਰਟੀ ਆਫ ਇੰਡੀਆ ਨੂੰ ਜ਼ਮੀਨ ਐਕਵਾਇਰ ਦੇ ਮੁਆਵਜ਼ੇ ਵਿੱਚ ਦੇਰੀ ਹੋਣ ਕਾਰਨ ਕਰਾਰਨਾਮੇ ਰੱਦ ਕਰਨੇ ਪਏ ਹਨ ਜਿਸ ਸਬੰਧੀ ਐੱਨਐੱਚਏਆਈ ਦੇ ਚੇਅਰਮੈਨ ਵੱਲੋਂ ਪੰਜਾਬ ਸਰਕਾਰ ਨੂੰ ਪੱਤਰ ਲਿਖ ਕੇ ਨਾਰਾਜ਼ਗੀ ਜਾਹਿਰ ਕੀਤੀ ਗਈ ਸੀ ਕਿ ਪੰਜਾਬ ਸਰਕਾਰ ਦੀ ਢਿੱਲ-ਮੱਠ ਕਾਰਨ ਇਹ ਪ੍ਰੋਜੈਕਟ ਖਤਰੇ ਵਿੱਚ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਪੰਜਾਬ ਸਰਕਾਰ ਇਸ ਨੂੰ ਢਿੱਲ-ਮੱਠ ਨਾਲ ਕਿਉਂ ਲੈ ਰਹੀ ਹੈ?

ਸਮਾਜ ਸੇਵੀ ਸੰਸਥਾ ਕ੍ਰਾਂਤੀਕਾਰੀ ਤਰਕਸ਼ੀਲ ਲੋਕ ਚੇਤਨਾ ਲਹਿਰ ਦੇ ਪ੍ਰਧਾਨ ਪ੍ਰਿੰ. ਬਚਿੱਤਰ ਸਿੰਘ ਤਰਸਿੱਕਾ ਨੇ ਰੁਕੇ ਪ੍ਰੋਜੈਕਟ 'ਤੇ ਨਾਰਾਜ਼ਗੀ ਜਾਹਰ ਕਰਦਿਆਂ ਕਿਹਾ ਕਿ ਲੋਕ ਚਾਹੁੰਦੇ ਹਨ ਕਿ ਪੰਜਾਬ ਤੇ ਕੇਂਦਰ ਸਰਕਾਰ ਇਸ ਸਬੰਧੀ ਸਥਿਤੀ ਸਪੱਸ਼ਟ ਕਰਨ ਕਿ ਇਹ ਰੋਡ ਕਦੋਂ ਤੱਕ ਬਣ ਜਾਣਗੇ।

ਨੈਸ਼ਨਲ ਲੋਕ ਅਦਾਲਤ 14 ਸਤੰਬਰ ਨੂੰ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)- ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ, ਐੱਸ. ਏ. ਐੱਸ. ਨਗਰ, ਮੋਹਾਲੀ ਅਤੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ, ਚੰਡੀਗੜ੍ਹ ਜੀਆਂ ਦੀਆਂ ਹਦਾਇਤਾਂ ਅਨੁਸਾਰ ਅਮਰਿੰਦਰ ਸਿੰਘ ਗਰੇਵਾਲ, ਮਾਨਯੋਗ ਜ਼ਿਲ੍ਹਾ ਅਤੇ ਸੈਸ਼ਨਜ-ਕਮ-ਚੇਅਰਮੈਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਅੰਮ੍ਰਿਤਸਰ ਦੀ ਰਹਿਨੁਮਾਈ ਹੇਠ ਇਸ ਵਾਰ ਨੈਸ਼ਨਲ ਲੋਕ ਅਦਾਲਤ 14 ਸਤੰਬਰ 2024 ਨੂੰ ਲੱਗਣ ਜਾ ਰਹੀ ਹੈ।

ਇਸ ਦੀ ਸਫਲਤਾ ਵਾਸਤੇ ਰਸ਼ਪਾਲ ਸਿੰਘ, ਜੱਜ ਸਾਹਿਬ ਵੱਲੋਂ ਜੁਡੀਸ਼ੀਅਲ ਅਫਸਰਾਂ ਅਤੇ ਪੁਲਸ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ ਅਤੇ ਜ਼ਰੂਰੀ ਹਦਾਇਤਾਂ ਜਾਰੀ ਕੀਤੀਆਂ ਗਈਆਂ।ਇਸ ਦੇ ਨਾਲ ਹੀ ਜ਼ਿਲ੍ਹਾ ਕਚਹਿਰੀ ਦੇ ਵਕੀਲਾਂ ਨਾਲ ਮੀਟਿੰਗ ਵੀ ਕੀਤੀ ਗਈ ਅਤੇ ਉਨ੍ਹਾਂ ਨੂੰ ਵੀ ਲੋਕ ਅਦਾਲਤ ਦੀ ਸਫਲਤਾ ਵਾਸਤੇ ਯੋਗਦਾਨ ਪਾਉਣ ਲਈ ਕਿਹਾ ਗਿਆ।

ਡੀਡਾ ਸਾਂਸੀਆਂ 'ਚ ਪੁਲਸ ਨੇ ਚਲਾਈ ਸਰਚ ਮੁਹਿੰਮ; ਨਸ਼ੇੜੀਆਂ ਨੂੰ ਦਿੱਤੀ ਚਿਤਾਵਨੀ

ਦੀਨਾਨਗਰ (ਸੰਜੀਵ)-ਡੀ. ਜੀ. ਪੀ.ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਨਸ਼ਿਆਂ ਖਿਲਾਫ ਵਿੱਢੀ ਗਈ ਈਗਲ ਮੁਹਿੰਮ ਤਹਿਤ ਅੱਜ ਦੀਨਾਨਗਰ ਦੇ ਪਿੰਡ ਡੀਡਾ ਸਾਂਸੀਆਂ ਵਿਖੇ ਐੱਸ. ਐੱਸ. ਪੀ. ਗੁਰਦਾਸਪੁਰ ਹਰੀਸ਼ ਦਯਾਮਾ ਦੀ ਅਗਵਾਈ ਹੇਠ ਡੀ. ਐੱਸ. ਪੀ. ਦੀਨਾਨਗਰ ਸੁੱਖਵਿੰਦਰ ਪਾਲ ਸਿੰਘ ਅਤੇ ਪੁਲਸ ਵੱਲੋਂ ਚੈਕਿੰਗ ਮੁਹਿੰਮ ਚਲਾਈ ਗਈ।ਇਸ ਮੌਕੇ ਸ਼ੱਕੀ ਵਿਅਕਤੀਆਂ ਦੀ ਤਲਾਸ਼ੀ ਲੈ ਕੇ ਪੁੱਛਗਿੱਛ ਕੀਤੀ ਗਈ।ਐੱਸ. ਐੱਸ. ਪੀ. ਨੇ ਦੱਸਿਆ ਕਿ ਅੱਜ ਚੈਕਿੰਗ ਅਭਿਆਨ ਦੌਰਾਨ ਪੁਲਸ ਵੱਲੋਂ ਲਾਹਣ ਬਰਾਮਦ ਕਰ ਲਈ ਗਈ ਹੈ ਜਦਕਿ ਇੱਕ ਭਗੌੜੇ ਰੂਪੀ ਨੂੰ ਵੀ ਕਾਬੂ ਕੀਤਾ ਗਿਆ ਹੈ।ਉਨ੍ਹਾਂ ਦੱਸਿਆ ਕਿ ਇਸ ਕਾਰਵਾਈ ਨੂੰ ਸ਼ੁਰੂ ਕਰਨ ਨਾਲ ਡੀਡਾ ਵਿੱਚ ਕਾਫੀ ਹੱਦ ਤੱਕ ਸਥਿਤੀ ਨੂੰ ਕਾਬੂ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸ਼ਰਾਬ ਅਤੇ ਦੂਜੇ ਨਸ਼ੇ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ। ਡੀਐੱਸਪੀ ਦੀਨਾਨਗਰ ਸੁੱਖਵਿੰਦਰ ਪਾਲ ਸਿੰਘ ਦੀ ਅਗਵਾਈ ਵਿੱਚ ਸੀਐੱਚਸੀ ਸਿੰਘੋਵਾਲ ਵਿੱਚ ਛਾਪੇਮਾਰੀ ਕੀਤੀ ਗਈ।ਉਨ੍ਹਾਂ ਕਿਹਾ ਕਿ ਸ਼ਿਕਾਇਤਾਂ ਮਿਲ ਰਹੀਆਂ ਸਨ ਕਿ ਸਿੰਘੋਵਾਲ ਹਸਪਤਾਲ ਵਿੱਚ ਨਸ਼ਾ ਛੱਡਣ ਲਈ ਦਵਾਈਆਂ ਲੈਣ ਲਈ ਆਉਣ ਵਾਲੇ ਕੁਝ ਨਸ਼ੇੜੀ ਲੋਕਾਂ ਨੂੰ ਜਾਣਬੁੱਝ ਕੇ ਪ੍ਰੇਸ਼ਾਨ ਕਰਦੇ ਹਨ।ਦਵਾਈ ਲੈਣ ਤੋਂ ਬਾਅਦ ਵੀ ਨਸ਼ੇੜੀ ਜਗ੍ਹਾ ਛੱਡਣ ਦੀ ਬਜਾਏ ਇਥੇ ਹੀ ਬੈਠੇ ਰਹਿੰਦੇ ਹਨ। ਇਸੇ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਅੱਜ ਨਸ਼ੇੜੀਆਂ ਨੂੰ ਭਜਾਉਣ ਲਈ ਛਾਪੇਮਾਰੀ ਕੀਤੀ ਗਈ।ਇਸ ਦੇ ਨਾਲ ਹੀ ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇਕਰ ਉਹ ਭਵਿੱਖ ਵਿੱਚ ਅਜਿਹੀ ਹਰਕਤ ਦੁਹਰਾਉਂਦਾ ਹੈ ਤਾਂ ਉਸ ਨੂੰ ਬਖਸ਼ਿਆ ਨਹੀਂ ਜਾਵੇਗਾ।

ਉਨ੍ਹਾਂ ਦੱਸਿਆ ਕਿ ਪਿੰਡ ਅਵਾਂਖਾ, ਡੀਡਾ ਸਾਂਸੀਆ ਅਤੇ ਪਨਿਆੜ ਹਾਟ ਸਪਾਟ ਖੇਤਰ ਹੈ। ਪਿੰਡ ਅਵਾਂਖਾ ਅਤੇ ਪਨਿਆੜ ਵਿੱਚ ਨਸ਼ੇ 'ਤੇ ਕਾਫੀ ਹੱਦ ਤੱਕ ਕਾਬੂ ਪਾਇਆ ਗਿਆ ਜਦਕਿ ਡੀਡਾ ਸਾਂਸੀਆ ਖਿਲਾਫ ਸਖਤ ਕਾਰਵਾਈ ਕੀਤੀ ਜਾ ਰਹੀ ਹੈ। ਪਿੰਡ ਵਿੱਚ ਚੈਕਿੰਗ ਮੁਹਿੰਮ ਦੌਰਾਨ ਸ਼ੱਕੀ ਵਿਅਕਤੀਆਂ ਦੀ ਤਲਾਸ਼ੀ ਲਈ ਗਈ।ਫਿਲਹਾਲ ਕੋਈ ਵੀ ਸ਼ੱਕੀ ਚੀਜ਼ ਸਾਹਮਣੇ ਨਹੀਂ ਆਈ ਹੈ।ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਨਸ਼ੇ ਦੇ ਖਾਤਮੇ ਲਈ ਪੁਲਸ ਦਾ ਸਾਥ ਦੇਣ।

ਐੱਸਜੀਪੀਸੀ ਚੋਣਾਂ ਲਈ ਵੋਟਰਾਂ ਦੀ ਰਜਿਸਟ੍ਰੇਸ਼ਨ ਵਧਾਉਣ ਲਈ 10-11 ਨੂੰ ਲੱਗਣਗੇ ਵਿਸ਼ੇਸ਼ ਕੈਂਪ : ਡੀ ਸੀ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਜ਼ਿਲ੍ਹਾ ਗੁਰਦਾਸਪੁਰ ਦੇ ਸਮੂਹ ਗੁਰਦੁਆਰਾ ਚੋਣ ਹਲਕਿਆਂ ਦੇ ਰਿਵਾਈਜ਼ਿੰਗ ਅਥਾਰਟੀ-ਕਮ-ਉਪ ਮੰਡਲ ਮੈਜਿਸਟਰੇਟ ਨੂੰ ਹਦਾਇਤ ਕੀਤੀ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੇ ਮੱਦੇਨਜ਼ਰ ਵੋਟਰਾਂ ਦੀ ਰਜਿਸਟ੍ਰੇਸ਼ਨ ਵਧਾਉਣ ਲਈ 10-11 ਅਗਸਤ ਨੂੰ ਵਿਸ਼ੇਸ਼ ਕੈਂਪ ਲਗਾਏ ਜਾਣ।ਉਨ੍ਹਾਂ ਕਿਹਾ ਕਿ ਕਮਿਸ਼ਨਰ, ਗੁਰਦੁਆਰਾ ਚੋਣਾਂ ਪੰਜਾਬ, ਚੰਡੀਗੜ੍ਹ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਬੋਰਡ) ਦੀ ਵੋਟਰ ਸੂਚੀ ਦੀ ਤਿਆਰੀ ਦੇ ਮੱਦੇਨਜ਼ਰ ਵੋਟਰ ਰਜਿਸਟ੍ਰੇਸ਼ਨ ਦੇ ਟੀਚੇ ਨੂੰ ਪੂਰਾ ਕਰਨ ਲਈ ਮਿਤੀ 16 ਸਤੰਬਰ 2024 ਤੱਕ ਦਾ ਵਾਧਾ ਕੀਤਾ ਗਿਆ ਹੈ।ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੇ ਕਿਹਾ ਕਿ ਗੁਰਦੁਆਰਾ ਚੋਣ ਹਲਕਿਆਂ ਦੇ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਵੋਟਰ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਹਰ ਸੰਭਵ ਯਤਨ ਕੀਤੇ ਜਾਣ।ਉਨ੍ਹਾਂ ਸਮੂਹ ਬੂਥ ਲੈਵਲ ਅਫ਼ਸਰਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਘਰ ਘਰ ਜਾ ਕੇ ਯੋਗ ਵੋਟਰਾਂ ਦੀਆਂ ਵੋਟਾਂ ਬਣਾਉਣ ਤਾਂ ਜੋ ਕੋਈ ਵੀ ਯੋਗ ਵਿਅਕਤੀ ਇਹ ਵੋਟ ਬਣਵਾਉਣ ਤੋਂ ਵਾਂਝਾ ਨਾ ਰਹੇ।ਉਨ੍ਹਾਂ ਨੇ ਜ਼ਿਲ੍ਹੇ ਵਿੱਚ ਪੈਂਦੇ ਗੁਰਦੁਆਰਾ ਚੋਣ ਹਲਕਿਆਂ ਸਬੰਧੀ ਲਾਏ ਰਿਵਾਈਜ਼ਿੰਗ ਅਥਾਰਟੀ ਅਫ਼ਸਰਾਂ ਨੂੰ ਹਦਾਇਤ ਕੀਤੀ ਹੈ ਉਹ ਸ਼ਨੀਵਾਰ (10 ਅਗਸਤ) ਤੇ ਐਤਵਾਰ (11 ਅਗਸਤ) ਨੂੰ ਲੱਗਣ ਵਾਲੇ ਵਿਸ਼ੇਸ਼ ਕੈਂਪਾਂ ਦੀ ਨਿਗਰਾਨੀ ਕਰਨ ਤਾਂ ਜੋ ਇਨ੍ਹਾਂ ਕੈਂਪਾਂ ਵਿੱਚ ਕੋਈ ਵੀ ਯੋਗ ਵੋਟਰ ਆਪਣੀ ਵੋਟ ਬਣਵਾਉਣ ਤੋਂ ਵਾਂਝਾ ਨਾ ਰਹੇ।

ਟ੍ਰੈਫਿਕ ਪੁਲਸ ਐਜੂਕੇਸ਼ਨ ਸੈੱਲ ਨੇ ਲਗਾਇਆ ਜਾਗਰੂਕਤਾ ਸੈਮੀਨਾਰ

ਦੀਨਾਨਗਰ (ਪ. ਪ.)—ਟ੍ਰੈਫਿਕ ਪੁਲਸ ਐਜੂਕੇਸ਼ਨ ਸੈੱਲ ਵੱਲੋਂ ਟ੍ਰੈਫਿਕ ਜਾਗਰੂਕਤਾ ਸੈਮੀਨਾਰ ਸੁਆਮੀ ਸ਼ਰਧਾਨੰਦ ਬੀਐੱਡ. ਕਾਲਜ ਦੀਨਾਨਗਰ ਵਿਖੇ ਲਗਾਇਆ ਗਿਆ ਜਿਸ ਵਿੱਚ ਵਿਦਿਆਰਥੀਆਂ ਨੂੰ ਟ੍ਰੈਫਿਕ ਨਿਯਮਾਂ ਦੀ ਜਾਣਕਾਰੀ ਦਿੱਤੀ ਗਈ ਤੇ ਨਾਬਾਲਗ ਬੱਚਿਆਂ ਨੂੰ ਡਰਾਈਵਿੰਗ ਨਾ ਕਰਨ ਬਾਰੇ ਜਾਗਰੂਕ

8-AUG-PAGE-12.qxd 8/7/2024 11:09 PM Page 1

ਖਾਲੀ ਥਾਲੀਆਂ ਖੜਕਾ ਕੇ ਕੀਤਾ ਰੋਸ ਪ੍ਰਦਰਸ਼ਨ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਪੰਜਾਬ ਸਰਕਾਰ ਵਲੋਂ ਮੁਲਾਜਮ-ਪੈਨਸ਼ਨਰ ਵਰਗ ਦੀਆਂ ਮੰਗਾਂ ਪ੍ਰਤੀ ਅਪਣਾਈ ਟਾਲਮਟੋਲ ਦੀ ਨੀਤੀ ਅਤੇ ਜੱਥੇਬੰਦੀਆਂ ਨੂੰ ਮੀਟਿੰਗਾਂ ਲਈ ਵਾਰ-ਵਾਰ ਸਮਾਂ ਦੇ ਕੇ ਵੀ ਮੀਟਿੰਗ ਨਾ ਕਰਕੇ ਅਗਲੀ ਤਰੀਕ ਦੇਣ ਦੇ ਵਿਰੋਧ ਵਿੱਚ ਪੰਜਾਬ ਮੁਲਾਜ਼ਮ-ਪੈਨਸ਼ਨਰ ਫਰੰਟ ਵਲੋਂ ਲਏ ਗਏ ਫੈਸਲੇ ਅਨੁਸਾਰ ਪੰਜਾਬ ਸਰਕਾਰ ਦੇ ਲਾਰਿਆਂ ਦੀ ਪੰਡ ਮੁਲਾਜਮ ਆਗੂ ਨਰਿੰਦਰ ਅਜਨੋਹਾ, ਮੱਖਣ ਸਿੰਘ ਲੰਗੇਰੀ, ਉਂਕਾਰ ਸਿੰਘ ਅਤੇ ਪੈਨਸ਼ਨਰ ਆਗੂ ਪ੍ਰਿੰਸੀਪਲ ਪਿਆਰਾ ਸਿੰਘ ਸੱਤਪਾਲ ਲੱਠ ਅਤੇ ਹਰਭਜਨ ਸਿੰਘ ਅਜਨੋਹਾ ਦੀ ਅਗਵਾਈ ਵਿੱਚ ਕੋਟ ਫਤੂਹੀ ਦੇ ਮੁੱਖ ਬਿਸਤ-ਦੁਆਬ ਨਹਿਰ ਵਾਲੇ ਚੌਕ ਵਿਖੇ ਫੂਕੀ ਗਈ। ਆਗੂਆਂ ਵਲੋਂ ਆਪਣੇ ਸੰਬੋਧਨ ਦੌਰਾਨ ਕਿਹਾ ਗਿਆ ਕਿ ਪੰਜਾਬ ਸਰਕਾਰ ਨੇ ਮੁਲਾਜਮ-ਪੈਨਸ਼ਨਰ ਵਰਗ ਦੀਆਂ ਮੰਗਾਂ ਕੱਚੇ ਮੁਲਾਜਮ ਪੱਕੇ ਕਰਨ, ਪੁਰਾਣੀ ਪੈਨਸ਼ਨ ਬਹਾਲ ਕਰਨ, 2.59 ਗੁਣਾਂਕ, ਪੇਅ-ਕਮਿਸ਼ਨ ਅਤੇ ਡੀ ਏ ਦੇ ਬਕਾਏ, ਕੰਪਿਊਟਰ ਅਧਿਆਪਕ ਸਿੱਖਿਆ ਵਿਭਾਗ ਵਿੱਚ ਰੈਗੂਲਰ ਕਰਨ, ਮਿਡ-ਡੇ-ਮੀਲ ਆਊਟਸੋਰਸਿੰਗ-ਇਨਲਿਸਟਮੈਂਟ ਮੁਲਾਜਮਾਂ ਲਈ ਢੁਕਵੀਂ ਨੀਤੀ, ਏਸੀਪੀ ਸਕੀਮ ਅਤੇ ਕੱਟੇ 37 ਭੱਤੇ ਬਹਾਲ ਕਰਨ, ਜਬਰੀ ਥੋਪਿਆ ਕੇਂਦਰੀ ਪੇਅ-ਕਮਿਸ਼ਨ ਅਤੇ ਕਈ ਹੋਰ ਹੱਕੀ ਅਤੇ ਜਾਇਜ ਮੰਗਾਂ ਪ੍ਰਤੀ ਸਰਕਾਰ ਵਲੋਂ ਅਪਣਾਈ ਚੁਪ ਤੋਂ ਮੁਲਾਜਮ-ਪੈਨਸ਼ਨਰ ਵਰਗ ਵਿਚ ਰੋਸ ਪਾਇਆ ਜਾ ਰਿਹਾ ਹੈ। ਮਿਡ-ਡੇ-ਮੀਲ ਵਰਕਰ ਯੂਨੀਅਨ ਦੇ ਜਨਰਲ ਸਕੱਤਰ ਕਮਲਜੀਤ ਕੌਰ ਖੜੌਦੀ ਅਤੇ ਜੇ.ਪੀ.ਐੱਮ.ਓ ਆਗੂ ਮਲਕੀਤ ਸਿੰਘ ਬਾਹੋਵਾਲ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਵਲੋਂ ਮੁਲਾਜਮ-ਪੈਨਸ਼ਨਰ ਵਰਗ ਦੀਆਂ ਮੰਗਾਂ ਦਾ ਠੋਸ ਹੱਲ ਨਹੀਂ ਕੱਢਿਆ ਗਿਆ ਤਾਂ ਸਰਕਾਰ ਵਿਰੁੱਧ ਸੰਘਰਸ਼ ਹੋਰ ਤੇਜ ਕੀਤਾ ਜਾਵੇਗਾ। ਇਸ ਮੌਕੇ ਇਕੱਠੇ ਹੋਏ ਮੁਲਾਜਮਾਂ ਅਤੇ ਪੈਨਸ਼ਨਰਾਂ ਵਲੋਂ ਖਜਾਨਾ ਖਾਲੀ ਹੋਣ ਕਰਕੇ ਖਾਲੀ ਥਾਲੀਆਂ ਖੜਕਾ ਕੇ ਰੋਸ ਪ੍ਰਗਟ ਕੀਤਾ। ਇਸ ਮੌਕੇ ਪ੍ਰਿੰਸੀਪਲ ਹਰਮਨੋਜ ਕੁਮਾਰ, ਪਰਮਿੰਦਰ ਕੁਮਾਰ, ਬਲਜੀਤ ਸਿੰਘ, ਕਰਮਵੀਰ ਸਿੰਘ, ਸਗਲੀ ਰਾਮ, ਓਮ ਦੱਤ, ਅਵਤਾਰ ਸਿੰਘ, ਅਮਰਜੀਤ ਸਿੰਘ, ਬਲਵੀਰ ਸਿੰਘ, ਸੁਰਜੀਤ ਸਿੰਘ, ਟੇਕ ਚੰਦ, ਸੁਰਿੰਦਰ ਸਿੰਘ, ਜਤਿੰਦਰ ਸਿੰਘ, ਦੀਪਕ ਕੁਮਾਰ, ਹਰਪ੍ਰੀਤ ਹਨੀ, ਅਜੇ ਕੁਮਾਰ, ਜਸਵਿੰਦਰ ਸਿੰਘ, ਮਹਿੰਦਰ ਪਾਲ, ਜੋਗਿੰਦਰ ਸਿੰਘ, ਸੱਤਪਾਲ ਸਿੰਘ, ਸੋਹਣ ਲਾਲ, ਧਰਮਵੀਰ, ਹਰਬੰਸ ਲਾਲ, ਰਾਮ ਸਰੂਪ, ਅਸ਼ਵਨੀ ਕੁਮਾਰ, ਹਰਿੰਦਰ ਸਿੰਘ, ਸੋਹਣ ਸਿੰਘ, ਕਿਰਪਾਲ ਸਿੰਘ, ਜਸਵੀਰ ਸਿੰਘ, ਸੰਦੀਪ ਕੌਰ, ਲਵਦੀਪ ਕੌਰ, ਅਮਰਵੀਰ ਕੌਰ, ਮਨਵੀਰ ਕੌਰ, ਅੰਜਲੀ ਠਾਕੁਰ, ਸੁਰਿੰਦਰ ਕੌਰ,ਸ਼ਿੰਗਾਰਾ ਸਿੰਘ, ਹੰਸਰਾਜ ਠੀਂਡਾ ਅਤੇ ਵੱਡੀ ਗਿਣਤੀ ਵਿਚ ਮੁਲਾਜਮ-ਪੈਨਸ਼ਨਰ ਮੌਜੂਦ ਸਨ।

ਡੇਂਗੂ ਨੂੰ ਰੋਕਣ ਲਈ ਸਿਹਤ ਵਿਭਾਗ ਮੁਸਤੈਦ : ਡਾ. ਬਲਦੇਵ ਸਿੰਘ

ਬੁਲੋਵਾਲ (ਵਿਰਦੀ) ਸਿਵਲ ਸਰਜਨ ਹੁਸ਼ਿਆਰਪੁਰ ਅਤੇ ਸੀਨੀਅਰ ਮੈਡੀਕਲ ਅਫਸਰ ਪੀ ਐੱਚ ਸੀ ਚੱਕੋਵਾਲ ਡਾ. ਬਲਦੇਵ ਸਿੰਘ ਦੀ ਅਗਵਾਈ 'ਚ ਪਿੰਡ ਮੜੂਲੀ ਬ੍ਰਾਹਮਣਾ ਵਿਖੇ ਡੇਂਗੂ ਦਾ ਸਰਵੇਖਣ ਕੀਤਾ ਗਿਆ।ਇਸ ਸੰਬੰਧੀ ਜਾਣਕਾਰੀ ਦਿੰਦਿਆਂ ਐੱਸ ਐਮ ਓ ਡਾ. ਬਲਦੇਵ ਸਿੰਘ ਨੇ ਦੱਸਿਆ ਕਿ ਇਸ ਬਰਸਾਤਾਂ ਦੇ ਮੌਸਮ ਦੌਰਾਨ ਮੱਛਰ ਵੱਡੀ ਗਿਣਤੀ 'ਚ ਪੈਦਾ ਹੁੰਦੇ ਹਨ।ਜਿਸ ਕਰਕੇ ਡੇਂਗੂ ਦੇ ਕੇਸ ਦਿਨ ਪ੍ਰਤੀ ਦਿਨ ਵਧ ਰਹੇ ਹਨ। ਇਹਨਾਂ ਨੂੰ ਰੋਕਣ ਲਈ ਸਿਹਤ ਵਿਭਾਗ ਪੂਰੀ ਤਰ੍ਹਾਂ ਮੁਸਤੈਦ ਹੈ।ਇਸੇ ਤਹਿਤ ਸਿਹਤ ਕਰਮਚਾਰੀ ਘਰ ਘਰ ਜਾ ਕੇ ਮੱਛਰਾਂ ਦਾ ਲਾਰਵਾ ਚੈੱਕ ਕਰ ਰਹੇ ਹਨ ਅਤੇ ਲੋਕਾਂ ਨੂੰ ਜਾਗਰੂਕ ਕਰ ਰਹੇ ਹਨ। ਉਹਨਾਂ ਕਿਹਾ ਕਿ ਜੇਕਰ ਕਿਸੇ ਨੂੰ ਬੁਖਾਰ ਹੁੰਦਾ ਹੈ ਤਾਂ ਉਹਨਾਂ ਦਵਾਈ ਨਾ ਲਵੇ ਅਤੇ ਡਾਕਟਰ ਕੋਲੋਂ ਜਾਂਚ ਕਰਵਾਉਣ ਉਪਰੰਤ ਹੀ ਦਵਾਈ ਖਾਵੇ।ਇਸ ਮੌਕੇ ਮ.ਪ.ਹ.ਸ਼. ਮੇਲ ਕਸ਼ਮੀਰੀ ਲਾਲ ਨੇ ਦੱਸਿਆ ਕਿ ਉਹ ਆਪਣੀ ਟੀਮ ਨਾਲ ਪਿੰਡ ਮੜੂਲੀ ਬ੍ਰਾਹਮਣਾ ਵਿਖੇ ਘਰ ਘਰ ਜਾ ਰਹੇ ਹਨ ਅਤੇ ਮੱਛਰਾਂ ਦਾ ਲਾਰਵਾ ਚੈੱਕ ਕਰ ਰਹੇ ਹਨ।ਕਾਫੀ ਘਰਾਂ 'ਚ ਲਾਰਵਾ ਅਜੇ ਵੀ ਮਿਲ ਰਿਹਾ ਹੈ ਜੋ ਕਿ ਚਿੰਤਾ ਦਾ ਵਿਸ਼ਾ ਹੈ।ਲੋਕਾਂ ਨੂੰ ਚਾਹੀਦਾ ਹੈ ਕਿ ਉਹ ਹਫਤੇ ਵਿਚ ਇੱਕ ਦਿਨ ਸਾਰੇ ਘਰ ਵਿਚ ਸਫ਼ਾਈ ਕਰਨ ਅਤੇ ਜਮ੍ਹਾ ਹੋਇਆ ਪਾਣੀ ਸਾਫ ਕਰਨ ਜਿਵੇਂ ਕਿ ਕੂਲਰ, ਫਰਿੱਜਾਂ ਦੀ ਪਿਛਲੀ ਟਰੇਅ, ਟੁੱਟੇ ਭੱਜੇ ਬਰਤਨ, ਪਸ਼ੂਆਂ ਲਈ ਪੀਣ ਲਈ ਭਰੀਆਂ ਖੁਰਲੀਆਂ ਆਦਿ।ਇਸ ਖੜ੍ਹੇ ਸਾਫ ਪਾਣੀ ਵਿਚ ਹੀ ਡੇਂਗੂ ਦਾ ਮੱਛਰ ਪੈਦਾ ਹੁੰਦਾ ਹੈ।ਇਸ ਮੌਕੇ ਉਹਨਾਂ ਨਾਲ ਹਰਪ੍ਰੀਤ ਸਿੰਘ, ਕੁਲਵੰਤ ਸਿੰਘ, ਕੁਲਦੀਪ ਕੁਮਾਰ, ਲਹਿੰਬਰ ਸਿੰਘ, ਵਿਪਨ ਕੁਮਾਰ, ਅਮਿਤ ਸ਼ਰਮਾ ਅਤੇ ਆਸ਼ਾ ਵਰਕਰਾਂ ਹਾਜ਼ਿਰ ਸਨ।

ਅਧਿਆਪਕਾਂ ਤੇ ਆਂਗਨਵਾੜੀ ਸਟਾਫ ਲਈ ਸਪਲੀਮੈਂਟੇਸ਼ਨ ਦੀ ਟ੍ਰੇਨਿੰਗ

ਗੁਰਾਇਆ (ਬਿੰਦਰ ਸੁਮਨ) ਕਮਿਊਨਿਟੀ ਹੈਲਥ ਸੈਂਟਰ ਬੜਾ ਪਿੰਡ ਵੱਲੋਂ ਸਕੂਲਾਂ ਅਤੇ ਆਂਗਨਵਾੜੀ ਸੈਂਟਰਾਂ ਵਿੱਚ ਚੱਲ ਰਹੇ ਆਇਰਨ ਤੇ ਫੋਲਿਕ ਐਸਿਡ ਸਪਲੀਮੈਂਟੇਸ਼ਨ ਬਾਰੇ ਇੱਕ ਵਿਸ਼ੇਸ਼ ਟ੍ਰੇਨਿੰਗ ਸੈਸ਼ਨ ਦਾ ਆਯੋਜਨ ਸੀਨੀਅਰ ਮੈਡੀਕਲ ਅਫ਼ਸਰ ਡਾ. ਅਮਿਤਾ ਲੂਨਾ ਦੀ ਅਗਵਾਈ ਹੇਠ ਕੀਤਾ ਗਿਆ। ਮੈਡੀਕਲ ਅਫ਼ਸਰ ਡੈਂਟਲ ਡਾ. ਅਵਿਨਾਸ਼ ਮੰਗੋਤਰਾ ਨੇ ਦੱਸਿਆ ਕਿ ਇਸ ਟ੍ਰੇਨਿੰਗ ਦਾ ਉਦੇਸ਼ ਬੱਚਿਆਂ 'ਚ ਖੂਨ ਦੀ ਕਮੀ (ਐਨੀਮੀਆ) ਨੂੰ ਘਟਾਉਣਾ ਅਤੇ ਉਨ੍ਹਾਂ ਦੇ ਸਹੀ ਵਿਕਾਸ ਨੂੰ ਯਕੀਨੀ ਬਨਾਉਣਾ ਹੈ।ਆਯੁਰਵੇਦਿਕ ਮੈਡੀਕਲ ਅਫ਼ਸਰ ਡਾ. ਵਰੁਣ ਨੇ ਬੱਚਿਆਂ 'ਚ ਆਇਰਨ ਤੇ ਫੋਲਿਕ ਐਸਿਡ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ।ਉਹਨਾਂ ਨੇ ਦੱਸਿਆ ਕਿ ਆਇਰਨ ਦੀ ਕਮੀ ਕਾਰਨ ਬੱਚਿਆਂ ਨੂੰ ਥਕਾਵਟ, ਕਮਜ਼ੋਰੀ ਤੇ ਸਿੱਖਣ 'ਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਆਯੁਰਵੇਦਿਕ ਮੈਡੀਕਲ ਅਫ਼ਸਰ ਡਾ ਬਲਜਿੰਦਰ ਸਿੰਘ ਨੇ ਆਇਰਨ ਫੋਲਿਕ ਐਸਿਡ ਦੀਆਂ ਗੋਲੀਆਂ ਦੇਣ ਅਤੇ ਉਨ੍ਹਾਂ ਦੇ ਸਹੀ ਉਪਯੋਗ ਬਾਰੇ ਵਿਸਥਾਰ 'ਚ ਦੱਸਿਆ।ਬਲਾਕ ਐਕਸਟੈਨਸ਼ਨ ਐਜੂਕੇਟਰ ਪ੍ਰੀਤਇੰਦਰ ਸਿੰਘ ਨੇ ਕਿਹਾ ਕਿ ਵਿਦਿਆਰਥੀ ਜੀਵਨ 'ਚ ਸਿਹਤ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਕਿਹਾ ਕਿ ਅਧਿਆਪਕਾਂ ਨੂੰ ਬੱਚਿਆਂ ਦੇ ਮਾਪਿਆਂ ਨੂੰ ਪ੍ਰੇਰਿਤ ਕਰਨਾ ਚਾਹੀਦਾ ਕਿ ਉਹ ਆਪਣੇ ਬੱਚਿਆਂ ਦੇ ਸਹੀ ਪੋਸ਼ਣ ਅਤੇ ਸਿਹਤ ਵੱਲ ਧਿਆਨ ਦੇਣ ਅਤੇ ਸਮੇਂ ਸਮੇਂ 'ਤੇ ਸਿਹਤ ਜਾਂਚ ਕਰਵਾਉਣ।ਇਸ ਮੌਕੇ ਹੈਲਥ ਸੁਪਰਵਾਈਜਰ ਸਤਨਾਮ ਅਤੇ ਹੈਲਥ ਸੁਪਰਵਾਈਜਰ ਕੁਲਦੀਪ ਵਰਮਾ ਮੌਜੂਦ ਸਨ।

ਮਿਆਣੀ 'ਚ ਔਰਤਾਂ ਰਲ ਮਿਲ ਮਨਾਇਆ ਤੀਆਂ ਦਾ ਤਿਉਹਾਰ

ਟਾਂਡਾ ਉੜਮੁੜ (ਜਸਵਿੰਦਰ ਸੰਧੂ ਉਂਕਾਰ ਸਿੰਘ)- ਬੇਟ ਖੇਤਰ ਨਾਲ ਸਬੰਧਤ ਕਸਬਾ ਮਿਆਣੀ ਵਿਖੇ ਆਮ ਆਦਮੀ ਪਾਰਟੀ ਦੇ ਮਹਿਲਾ ਵਿੰਗ ਦੀਆਂ ਔਰਤਾਂ ਵੱਲੋਂ ਰਲ ਮਿਲ ਤੀਆਂ ਦਾ ਤਿਉਹਾਰ ਮਨਾਇਆ ਗਿਆ। ਆਮ ਆਦਮੀ ਪਾਰਟੀ ਦੇ ਯੂਥ ਪ੍ਰਧਾਨ ਸਰਬਜੀਤ ਸਿੰਘ ਵਿੱਕੀ, ਆਪ ਆਗੂ ਪ੍ਰੋਫੈਸਰ ਜੋਗਿੰਦਰ ਸਿੰਘ ਮਿਆਣੀ ਤੇ ਬਲਵਿੰਦਰ ਸਿੰਘ ਵਲੋਂ ਕੀਤੇ ਵਿਸ਼ੇਸ਼ ਉਪਰਾਲੇ ਸਦਕਾ ਪਿੰਡ ਦੀਆਂ ਔਰਤਾਂ ਵਲੋਂ ਇਸ ਮੌਕੇ ਇੱਕ ਵਿਸ਼ੇਸ਼ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਬਤੌਰ ਮੁੱਖ ਮਹਿਮਾਨ ਹਲਕਾ ਵਿਧਾਇਕ ਉੜਮੁੜ ਟਾਂਡਾ ਜਸਵੀਰ ਸਿੰਘ ਰਾਜਾ ਦੀ ਧਰਮ ਪਤਨੀ ਰਮਨਦੀਪ ਕੌਰ ਗਿੱਲ ਵਿਸ਼ੇਸ਼ ਤੌਰ 'ਤੇ ਪਹੁੰਚੇ। ਇਸ ਮੌਕੇ ਕਰਵਾਏ ਸੱਭਿਆਚਾਰਕ ਪ੍ਰੋਗਰਾਮ ਦੌਰਾਨ ਔਰਤਾਂ ਵੱਲੋਂ ਗਿੱਧੇ ਦੀ ਪੇਸ਼ਕਾਰੀ ਕਰਕੇ ਪੰਜਾਬੀ ਸੱਭਿਆਚਾਰ ਦੀ ਝਲਕ ਵੀ ਪੇਸ਼ ਕੀਤੀ। ਇਸ ਮੌਕੇ ਵਿਧਾਇਕ ਦੀ ਪਤਨੀ ਮੈਡਮ ਰਮਨਦੀਪ ਕੌਰ ਗਿੱਲ ਨੇ ਇਕੱਤਰ ਹੋਈਆਂ ਔਰਤਾਂ ਨੂੰ ਤੀਆਂ ਦੇ ਤਿਉਹਾਰ ਦੀਆਂ ਵਧਾਈਆਂ ਦਿੰਦੇ ਹੋਏ ਆਖਿਆ ਕਿ ਤੀਆਂ ਦਾ ਤਿਉਹਾਰ ਸਾਨੂੰ ਸਾਡੇ ਪੁਰਾਣੇ ਸੱਭਿਆਚਾਰ ਨਾਲ ਜੋੜ ਕੇ ਰੱਖਦਾ ਹੈ ਤੇ ਇਸ ਤਿਉਹਾਰ ਦੇ ਬਹਾਨੇ ਔਰਤਾਂ ਆਪਣੇ ਗਿੱਧਾ ਪਾ ਨੱਚ ਟੱਪ ਆਪਣੇ ਸ਼ੌਕ ਪੂਰੇ ਕਰ ਲੈਂਦੀਆਂ ਹਨ । ਇਸ ਮੌਕੇ ਚਰਨਜੀਤ ਕੌਰ, ਕਮਲਜੀਤ ਕੌਰ ਰੂਪਾ, ਰਾਜਵਿੰਦਰ ਕੌਰ ਪਟਵਾਲੀਆ, ਜੋਤੀ ਮੁੰਦਰ, ਕਮਲ ਸ਼ਰਮਾ ,ਦਲਜੀਤ ਕੌਰ ,ਨਵਦੀਪ ਕੌਰ ,ਹਰਜਿੰਦਰ ਕੌਰ, ਕਮਲਦੀਪ ਕੌਰ, ਪ੍ਰਵੀਨ ਕੌਰ, ਕੁਲਵੰਤ ਕੌਰ, ਸ਼ਿਵਾਨੀ, ਗੁਰਜੀਤ ਕੌਰ,ਇੰਦਰਜੀਤ ਕੌਰ ,ਰਜਿੰਦਰ ਕੌਰ, ਸਤਨਾਮ ਸਿੰਘ , ਬਲਜੀਤ ਸਿੰਘ ਬੱਬਲ, ਮਾਸਟਰ ਕਮਲ ਚੌਹਾਨ, ਵਰਿੰਦਰ ਵੀਰ, ਮਨਜੀਤ ਸਿੰਘ ਵੀ ਹਾਜ਼ਰ ਸਨ।

ਡੀ ਸੀ ਨੇ ਦਰਿਆ ਕੰਢੇ ਰਹਿ ਰਹੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ

ਭਲਾਣ (ਹਰਭਜਨ ਢਿੱਲੋਂ) ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਆਪਣੇ ਵਿਧਾਨ ਸਭਾ ਹਲਕੇ 'ਚ ਹੜ੍ਹ ਰੋਕੂ ਪ੍ਰਬੰਧਾਂ ਸੰਬੰਧੀ ਸਤਲੁਜ ਦਰਿਆਂ ਕੰਢੇ ਵਸੇ ਪਿੰਡਾਂ ਦੇ ਲੋਕਾਂ ਤੱਕ ਪਹੁੰਚ ਕਰਨ ਲਈ ਪ੍ਰਸ਼ਾਸ਼ਨ ਨੂੰ ਜਰੂਰੀ ਨਿਰਦੇਸ਼ ਦਿੱਤੇ ਹੋਏ ਹਨ।ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਦੀ ਅਗਵਾਈ ਵਿੱਚ ਦਰਿਆਂ ਕੰਢੇ ਰਹਿ ਰਹੇ ਲੋਕਾਂ ਦੀਆਂ ਮੁਸ਼ਕਲਾਂ ਸੁਣਨ ਲਈ ਰੋਜ਼ਾਨਾ ਕਿਸੇ ਨਾ ਕਿਸੇ ਪਿੰਡ ਵਿੱਚ ਕੈਂਪ ਲਗਾ ਕੇ ਪਹੁੰਚ ਕੀਤੀ ਜਾ ਰਹੀ ਹੈ।ਅਨਮਜੋਤ ਕੌਰ ਪੀ ਸੀ ਐਸ ਉਪ ਮੰਡਲ ਮੈਜਿਸਟ੍ਰੇਟ ਨੰਗਲ ਨੇ ਦੱਸਿਆ ਕਿ ਬਰਸਾਤ ਦੇ ਮੌਸਮ ਦੌਰਾਨ ਕਈ ਵਾਰ ਪਹਾੜਾਂ 'ਚ ਭਾਰੀ ਬਰਸਾਤ ਹੋਣ ਕਾਰਨ ਸਵਾ ਨਦੀ ਦਾ ਜਲ ਸਤਰ ਵੱਧ ਜਾਂਦਾ ਹੈ ਅਤੇ ਭਾਖੜਾਂ ਡੈਮ 'ਚੋਂ ਵਾਧੂ ਮਾਤਰਾ 'ਚ ਪਾਣੀ ਛੱਡਣ ਕਾਰਨ ਸਤਲੁਜ ਦਰਿਆਂ ਕੰਢੇ ਵਸੇ ਪਿੰਡਾਂ ਵਿਚ ਰਹਿ ਰਹੇ ਲੋਕਾਂ ਦੀਆਂ ਮੁਸ਼ਕਲਾਂ ਵੱਧ ਜਾਦੀਆਂ ਹਨ, ਇਸ ਵਾਰ ਰੂਪਨਗਰ ਜਿਲ੍ਹਾ ਪ੍ਰਸ਼ਾਸ਼ਨ ਵੱਲੋਂ ਇਸ ਸਭ ਦੇ ਬਚਾਅ ਲਈ ਅਗਾਓ ਢੁੱਕਵੇ ਪ੍ਰਬੰਧ ਕੀਤੇ ਗਏ ਹਨ। ਬੇਲਾ ਧਿਆਨੀ ਪਹੁੰਚੇ ਤਹਿਸੀਲਦਾਰ ਕੁਲਵਿੰਦਰ ਸਿੰਘ ਨੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ ਅਤੇ ਹੜ੍ਹਾਂ ਦੀ ਰੋਕਥਾਮ ਲਈ ਕੀਤੇ ਪ੍ਰਬੰਧਾਂ ਬਾਰੇ ਜਾਣਕਾਰੀ ਦਿੱਤੀ।

ਇਸ ਮੌਕੇ ਤਹਿਸੀਲਦਾਰ ਨੇ ਵਾਤਾਵਰਣ ਨੂੰ ਹਰਿਆ ਭਰਿਆ ਰੱਖਣ ਲਈ ਲੋਕਾਂ ਨੂੰ ਵੱਧ ਤੋ ਵੱਧ ਪੌਦੇ ਲਗਾਉਣ ਲਈ ਪ੍ਰੇਰਿਤ ਕੀਤਾ।

ਐੱਸ ਡੀ ਕਾਲਜ ਵਿਖੇ ਅੰਮ੍ਰਿਤ ਬਾਣੀ ਪਾਠ ਨਾਲ ਨਵੇਂ ਸੈਸ਼ਨ ਦੀ ਸ਼ੁਰੂਆਤ

ਸੁਲਤਾਨਪੁਰ ਲੋਧੀ (ਹਨੀ) ਐੱਸ.ਡੀ. ਕਾਲਜ ਫਾਰ ਵੂਮੇਨ ਸੁਲਤਾਨਪੁਰ ਲੋਧੀ ਵਿਖੇ ਨਵੇਂ ਸੈਸ਼ਨ ਦਾ ਆਗਾਜ਼ 'ਸ੍ਰੀ ਅੰਮ੍ਰਿਤ ਵਾਣੀ' ਦਾ ਜਾਪ ਕਰਦਿਆਂ ਕੀਤਾ ਗਿਆ।ਸਨਾਤਨ ਧਰਮ ਸਭਾ ਦੇ ਪੈਟਰਨ ਅਮਰ ਚੰਦ ਧੀਰ, ਪ੍ਰਧਾਨ ਰਾਕੇਸ਼ ਕੁਮਾਰ ਧੀਰ, ਉਮਾ ਦੱਤ ਸ਼ਰਮਾ ਅਤੇ ਬਲਦੇਵ ਰਾਜ ਸੂਦ ਧਾਰਮਿਕ ਸਮਾਗਮ 'ਚ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਹਰ ਕਿਸੇ ਨੇ ਸ਼੍ਰੀ ਰਾਮ ਜੀ ਦੀ ਮਹਿਮਾ ਦੇ ਗੁਣਗਾਨ ਦਾ ਅਨੰਦ ਮਾਣਿਆ।ਇਸ ਮੌਕੇ ਬੋਲਦਿਆਂ ਕਾਲਜ ਦੇ ਪ੍ਰਧਾਨ ਰਾਕੇਸ਼ ਕੁਮਾਰ ਧੀਰ ਸਮੂਹ ਵਿਦਿਆਰਥਣਾਂ ਅਤੇ ਸਟਾਫ਼ ਮੈਂਬਰਾਂ ਨੂੰ ਨਵੇਂ ਵਿਦਿਅਕ ਸੈਸ਼ਨ ਮੌਕੇ ਸ਼ੁਭਕਾਮਨਾਵਾਂ ਦਿੱਤੀਆਂ।ਪ੍ਰਿੰਸੀਪਲ ਡਾ. ਵੰਦਨਾ ਸ਼ੁਕਲਾ ਨੇ ਸਾਲਾਨਾ ਰਿਪੋਰਟ ਪੜ੍ਹਦਿਆਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ 2023-2024 ਦੇ ਨਤੀਜਿਆਂ ਬਾਰੇ ਜਾਣਕਾਰੀ ਦਿੱਤੀ, ਜਿਸ ਵਿੱਚ ਬੀ ਏ ਛੇਵਾ ਸਮੈਸਟਰ ਦਾ ਨਤੀਜਾ 100 ਫੀਸਦੀ, ਬੀ ਕਾਮ 6ਵਾਂ ਸਮੈਸਟਰ ਦਾ 100 ਫੀਸਦੀ, ਬੀ ਸੀ ਏ ਛੇਵੇਂ ਸਮੈਸਟਰ ਦਾ 100 ਫੀਸਦੀ, ਬੀ ਐੱਸ ਸੀ ਛੇਵੇਂ ਸਮੈਸਟਰ 100 ਫੀਸਦੀ, ਬੀ ਸੀ ਏ ਚੌਥਾ ਸਮੈਸਟਰ 100 ਫੀਸਦੀ ਅਤੇ ਬੀ ਸੀ ਏ ਦੂਜਾ ਸਮੈਸਟਰ ਦਾ ਵੀ 100 ਫੀਸਦੀ ਨਤੀਜਾ ਰਿਹਾ।ਡਾ. ਸ਼ੁਕਲਾ ਨੇ ਵਿਦਿਆਰਥੀਆਂ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਅਤੇ ਕਾਲਜ ਵਿੱਚ ਆਉਣ ਵਾਲੇ ਨਵੇਂ ਵਿਦਿਆਰਥੀਆਂ ਦਾ ਵੀ ਹਾਰਦਿਕ ਸੁਆਗਤ ਕੀਤਾ। ਇਸ ਮੌਕੇ ਸਮੂਹ ਸਟਾਫ ਮੈਂਬਰ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥਣਾਂ ਹਾਜਰ ਸਨ ।

ਲਾਇਲਪੁਰ ਖ਼ਾਲਸਾ ਕਾਲਜ ਨੇ ਇੱਕ ਰੁੱਖ ਮਾਂ ਦੇ ਨਾਂਅ ਮੁਹਿੰਮ ਤਹਿਤ ਬੂਟੇ ਲਗਾਏ

ਜਲੰਧਰ (ਸ਼ੈਲੀ ਐਲਬਰਟ) - ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਦੇ ਐਨ.ਐਸ.ਐਸ. ਯੂਨਿਟ ਅਤੇ ਰੈੱਡ ਰਿਬਨ ਕਲੱਬ ਨੇ ਯੁਵਕ ਮਾਮਲੇ ਅਤੇ ਖੇਡ ਮੰਤਰਾਲਾ, ਨਵੀਂ ਦਿੱਲੀ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਇੱਕ ਰੁੱਖ ਮਾਂ ਦੇ ਨਾਮ ਵਿਸ਼ੇ ਤਹਿਤ ਬੂਟੇ ਲਗਾਏ ਗਏ।।

ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਆਪਣੇ ਸੰਦੇਸ਼ ਵਿਚ ਐਨ.ਐਸ.ਐਸ ਵਲੰਟੀਅਰਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਉਹਨਾਂ ਨੂੰ ਵਾਤਾਵਰਣ ਸੰਬੰਧੀ ਗਤੀਵਿਧੀਆ